


ਧਰਮ ਯੁੱਧ

ਸੁਖਦੀਪ ਸਿੰਘ ਬਰਨਾਲਾ



ਵੇਖਿਆ ਜਾਂਦਾ ਨਹੀਂ ਸਰੋਵਰ ਦਾ ਲਾਲ ਪਾਣੀ
ਪਿਆ ਕੌਮ ਤੇ ਵਖ਼ਤ ਨਹੀਂ ਵੇਖ ਹੁੰਦਾ
ਵੇਖੀ ਜਾਂਦੀ ਨਹੀਂ ਫ਼ਿਜ਼ਾ ਵਿੱਚ ਚੁੱਪ ਪਸਰੀ
ਖੰਡਰ ਹੋਇਆ ਤਖ਼ਤ ਨਹੀਂ ਵੇਖ ਹੁੰਦਾ

ਅੰਮ੍ਰਿਤਸਰ ਵੱਲੋਂ ਚਲਦੀ ਹਵਾ ਵਿੱਚੋਂ
ਮੈਨੂੰ ਆਉਂਦੀ ਬਾਰੂਦ ਦੀ ਬੋ ਮਾਏ
ਵਿੱਚ ਚੁੱਲ੍ਹੇ ਤੂੰ ਬਾਲ਼ਦੀ ਅੱਗ ਜਿਹੜੀ
ਲੱਗਦੀ ਸ਼ਹੀਦਾਂ ਦੇ ਸਿਵਿਆਂ ਦੀ ਲੋਅ ਮਾਏ

ਚਾਰੇ ਲਾਲ ਉਹਨੇ ਧਰਮ ਤੋਂ ਵਾਰ ਦਿੱਤੇ
ਤੂੰ ਵੀ ਕਰਦੇ ਅੱਜ ਇੱਕ ਅਹਿਸਾਨ ਮਾਏ
ਜੇ ਨਾ ਲੜਿਆ ਮੈਂ ਅਜੀਤ ਜੁਝਾਰ ਵਾਂਗੂੰ
ਬਾਜ਼ਾਂ ਵਾਲੇ ਦੀ ਕੀ ਸੰਤਾਨ ਮਾਏ

ਨਾਲ ਧਿਆਨ ਦੇ ਬਹਿ ਕੇ ਸੁਣ ਤਾਂ ਸਹੀ
ਵਾਜ਼ਾਂ ਮਾਰਦੀ ਸਰਹੰਦ ਦੀ ਕੰਧ ਮਾਏ
ਇਤਿਹਾਸ ਆਪਣਾ ਆਪ ਦੁਹਰਾਅ ਰਿਹਾ ਏ
ਤਵਾਰੀਖ਼ ਕਰਦੀ ਸਿਰਾਂ ਦੀ ਮੰਗ ਮਾਏ

"We seek Freedom of religion,
Freedom of movement,
Freedom of speech & most of all.
Freedom to determine our own destiny."



ਸੁਖਦੀਪ ਸਿੰਘ ਬਰਨਾਲਾ
E-mail : baagee@yahoo.com
Website : www.sikhsangarsh.com
Mob: 98786-86684

ਇਸੇ ਕਲਮ ਤੋਂ :

- *ਬਹੁਚਰਚਿਤ ਕਿਤਾਬ 'ਜੰਗਨਾਮਾ ਸਿੰਘਾਂ ਤੇ ਬਿਪਰਾਂ'*
- *ਪੰਜ ਸਦੀਆਂ ਦਾ ਵੈਰ*
- *ਬਾਗੀ ਕਵਿਤਾਵਾਂ*
- *ਹੁਣ ਸ਼ਜ਼ਾ ਦਿਉ ਮੈਨੂੰ ਦੋਸ਼ੀ ਨੂੰ, ਕਵਿਤਾਂ (ਛਪਾਈ ਅਧੀਨ)*
- *ਵਤਨੋਂ ਦੂਰ, ਨਾਵਲ (ਛਪਾਈ ਅਧੀਨ)*

ਤਤਕਰਾ

DHARAM YUDH


By : Sukhdeep Singh Barnala ©
e-mail : baagee@yahoo.com
www.sikhsangarsh.com
Mobile : 98786-86684

Dharam Yudh	:	by Sukhdeep Singh Barnala
Second Edition	:	November 2009 (in Punjabi)
Price	:	**70/-**
Title	:	Gurmat Pustak Bhandar
Printed at	:	Dashmesh Printing Press
Publisher by	:	Gurmat Pustak Bhandar 154, Ghanta Ghar Market, Ground Floor Scooter Stand, Sri Amritsar. Ph.: 0183-5101231 Mb.: 98726-58302, 98151-61234

(Printed in India)

ਸਮਰਪਣ

ਮੇਰਾ ਅੱਜ ਦਾ ਕਲਾਮ
ਉਨ੍ਹਾਂ ਬੁੱਢੇ ਜਰਨੈਲਾਂ ਦੇ ਨਾਮ
ਕੁਝ ਉਹ ਜਿਹੜੇ ਅੱਜ ਵੀ ਸਾਡੇ ਵਿੱਚ ਰਹਿਕੇ ਲੜ ਰਹੇ ਹਨ
ਕੁਝ ਉਹ ਜਿਹੜੇ ਛਮਾਂ ਤੋਂ ਸੜ ਗਏ ਹਨ
ਕੁਝ ਉਹ ਜਿਹੜੇ ਸਰਜ਼ਮੀਂ ਤੋਂ ਕੁਝ ਦੂਰ ਬੈਠੇ ਨੇ
ਪਰ ਸਾਡੇ ਦਿਲਾਂ ਦੇ ਹਜ਼ੂਰ ਬੈਠੇ ਨੇ
ਸਦਾ ਰਹੇਗਾ ਕੌਮ ਨੂੰ ਤੁਹਾਡੇ ਤੇ ਮਾਣ
ਮੈਂ ਹੋਰ ਕੀ ਦੇ ਸਕਦਾਂ ਸਨਮਾਨ
ਸੱਚੀਂ ਇਹਨਾਂ ਚਾਰ ਲਫ਼ਜ਼ਾਂ ਤੋਂ ਇਲਾਵਾ ਹੋਰ ਕੁਝ ਨਹੀਂ
ਚਲੋ ਇਸ ਵਾਰ.....ਇਹੋ ਈ ਸਹੀ
ਵੈਸੇ ਵੀ ਸਮੇਂ ਨੇ ਤੁਹਾਨੂੰ ਬੜਾ ਕੁਝ ਦੇ ਦਿੱਤਾ ਹੈ
"ਜਲਾਲਤ" ਤੋਂ ਲੈ ਕੇ "ਜਲਾਵਤਨੀ" ਤੱਕ
ਪਰ ਜਦੋਂ ਮੇਰੀ ਕਲਮ ਰੋਂਦੀ ਐ
ਇਹਦੀ ਨੋਕ ਚੋਂ ਬਾਗ਼ੀ ਜੇ ਲਫ਼ਜ਼ ਕਿਰਦੇ ਨੇ
ਤੇ ਇਸ ਬੇਗਾਨੀ ਤੇ ਉਦਾਸ ਜਿਹੀ ਫ਼ਿਜ਼ਾ ਵਿੱਚ
ਤੁਹਾਨੂੰ ਲੱਭਦੇ ਫਿਰਦੇ ਨੇ
ਖੈਰ.....ਮੇਰੇ ਵੱਲੋਂ ਤੁਹਾਨੂੰ ਸਾਰਿਆਂ ਨੂੰ
ਸਲਾਮ.....ਸਲਾਮ.....ਸਲਾਮ
ਤੇ ਮੇਰਾ ਇਹ "ਧਰਮ-ਯੁੱਧ" ਦਾ ਪੈਗ਼ਾਮ
ਤੁਹਾਡੇ ਨਾਮ


ਧਰਮ ਯੁੱਧ
ਸੁਖਦੀਪ ਸਿੰਘ ਬਰਨਾਲਾ

ਦੋ-ਸ਼ਬਦ

ਗੁਰੂ ਦਸ਼ਮੇਸ਼ ਬਾਗੀ, ਨਲੂਆ ਵੀਰ ਬਾਗੀ
ਸਾਡਾ ਬਾਗੀ ਹੈ ਪੰਥ ਪਰਿਵਾਰ ਸਿੰਘੋ
ਸਾਡਾ ਖ਼ੂਨ ਬਾਗੀ ਸਾਡੀ ਜਾਤ ਬਾਗੀ
ਸਾਡਾ ਬਾਗੀਆਂ ਦੇ ਨਾਲ ਵਿਹਾਰ ਸਿੰਘੋ
ਬਾਗੀ ਨਾਮ ਸਾਡਾ, ਜੰਮੇ ਬਾਗੀਆਂ ਦੇ
ਸਾਡਾ ਬਾਗੀਆਂ ਦੇ ਨਾਲ ਪਿਆਰ ਸਿੰਘੋ
ਊਧਮ ਸਿੰਘ ਬਾਗੀ, ਭਗਤ ਸਿੰਘ ਬਾਗੀ
ਸਾਡਾ ਬਾਗੀ ਸੀ ਸਰਾਭਾ ਸਰਦਾਰ ਸਿੰਘੋ
ਅਸੀਂ 'ਰਾਜੇ ਜਾਂ ਬਾਗੀ' ਸੁਖਦੀਪ ਸਿੰਘਾ
ਕੰਬੇਗੀ ਬਾਗੀਆਂ ਤੋਂ ਹੁਣ ਸਰਕਾਰ ਸਿੰਘੋ

ਇਹ ਉਹ ਲਾਈਨਾਂ ਹਨ ਜੋ ਸੁਖਦੀਪ ਵੀਰ ਜੀ ਦੀ ਸਭ ਤੋਂ ਪਹਿਲੀ ਕਿਤਾਬ ਜੰਗਨਾਮਾ ਸਿੰਘਾ ਤੇ ਬਿਪਰਾਂ ਵਿੱਚ ਲਿਖੀਆਂ ਹੋਈਆਂ ਹਨ। ਵੈਸੇ ਤਾਂ ਸਾਰੀ ਕਿਤਾਬ ਹੀ ਬਹੁਤ ਸੋਹਣੀ ਸੀ ਪਰ ਇਹ ਲਾਈਨਾਂ ਉਹ ਹਨ ਜੋ ਮੈਨੂੰ ਬਹੁਤ ਹੀ ਪਿਆਰੀਆਂ ਲੱਗੀਆਂ। 'ਜੰਗਨਾਮਾ ਸਿੰਘਾ ਤੇ ਬਿਪਰਾਂ' ਵੀਰ ਜੀ ਦੀ ਨਿਵੇਕਲੀ ਕਿਤਾਬ ਸੀ ਜੋ ਆਪਣੇ ਆਪ ਵਿੱਚ ਆਪਣੀ ਕਿਸਮ ਦੀ ਪਹਿਲੀ ਕਿਤਾਬ ਹੈ। 'ਜੰਗਨਾਮਾ ਸਿੰਘਾ ਤੇ ਫਿਰੰਗੀਆਂ' ਤੋਂ ਬਾਅਦ ਇਹ ਦੂਸਰੀ ਕਿਤਾਬ ਸੀ ਜੋ ਇਸ ਨਿਵੇਕਲੇ ਅੰਦਾਜ਼ ਵਿੱਚ ਵੀਰ ਜੀ ਵੱਲੋਂ ਲਿਖੀ ਗਈ। 1946 ਤੋਂ 1995 ਤੱਕ ਸਾਰੀਆਂ ਘਟਨਾਵਾਂ ਨੂੰ ਇੱਕ ਲੜੀ ਦੀ ਤਰ੍ਹਾਂ ਪਰੋ ਕੇ ਮੋਤੀਆਂ ਦੀ ਤਰ੍ਹਾਂ ਇਹ ਅਨਮੋਲ ਕਿਤਾਬ ਕੌਮ ਦੀ ਝੋਲੀ ਪਾਈ ਗਈ।

ਜਦੋਂ ਮੈਂ ਕਿਤਾਬ ਨੂੰ ਪੜ੍ਹਨ ਬੈਠੀ ਤਾਂ ਤਕਰੀਬਨ 5 ਕੁ ਘੰਟੇ ਵਿੱਚ ਪੂਰੀ ਕਿਤਾਬ ਪੜ੍ਹ ਲਈ ਲਗਾਤਾਰ, ਇੱਕ ਵਾਰੀ ਸ਼ੁਰੂ ਕਰਕੇ ਛੱਡਣ ਨੂੰ ਦਿਲ ਨਹੀਂ ਕੀਤਾ। ਮੈਟਰ ਬੇਸ਼ੱਕ ਥੋੜ੍ਹਾ ਸੀ ਪਰ ਲਿਖਣ ਦਾ ਅੰਦਾਜ਼ ਇਨ੍ਹਾਂ ਵਧੀਆ ਸੀ ਕਿ ਸਮੁੱਚਾ ਇਤਿਹਾਸ ਮੇਰੀਆਂ ਅੱਖਾਂ ਸਾਹਮਣੇ ਘੁੰਮ ਗਿਆ।

ਮੈਂ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਹੇ ਵਾਹਿਗੁਰੂ ਇਸ ਕਲਮ ਨੂੰ ਹੋਰ ਤਾਕਤ ਬਖ਼ਸ਼ ਤਾਂ ਜੋ ਵੀਰ ਜੀ ਇਸੇ ਤਰ੍ਹਾਂ ਚੜ੍ਹਦੀ ਕਲਾ ਵਿੱਚ ਰਹਿ ਕੇ ਕੌਮ ਦੇ ਵਰਤਮਾਨ ਸੰਘਰਸ਼ਮਈ ਇਤਿਹਾਸ ਨੂੰ ਕਲਮਬੰਦ ਕਰ ਸਕਣ।

ਜਿਥੋਂ ਤੱਕ ਇਹ ਸਬਦ ਲਿਖਣ ਦਾ ਸਵਾਲ ਹੈ ਜਦੋਂ ਵੀਰ ਜੀ ਦੀ ਦੂਸਰੀ ਕਿਤਾਬ ਬਾਗ਼ੀ ਕਵਿਤਾਵਾਂ ਆਈ ਤਾਂ ਮੈਂ ਵੀਰ ਜੀ ਨੂੰ ਫ਼ੋਨ ਕਰਕੇ ਵਧਾਈ ਵੀ ਦਿੱਤੀ ਤੇ ਇੱਛਾ ਜ਼ਾਹਿਰ ਕੀਤੀ ਕਿ ਜੇ ਹੋ ਸਕੇ ਤਾਂ ਮੈਂ ਤੁਹਾਡੀ ਅਗਲੀ ਕਿਤਾਬ ਲਈ ਤੁਹਾਡੇ ਬਾਰੇ ਉਸ ਕਿਤਾਬ ਵਿੱਚ ਕੁਝ ਨਾ ਕੁਝ ਲਿਖਣਾ ਚਾਹਾਂਗੀ ਤੇ ਮੈਨੂੰ ਉਸ ਦਿਨ ਬੜੀ ਖ਼ੁਸ਼ੀ ਹੋਈ ਜਿਸ ਦਿਨ ਵੀਰ ਜੀ ਨੇ ਦੱਸਿਆ ਕਿ ਇਸ ਕਿਤਾਬ ਦਾ ਮੁੱਖਬੰਧ ਨਹੀਂ ਲਿਖਿਆ ਜਾ ਰਿਹਾ ਕਿਉਂਕਿ ਜਿਸ ਵਿਅਕਤੀ ਨੇ ਲਿਖਣਾ ਸੀ ਉਸ ਨੇ ਕਿਸੇ ਕਾਰਨ ਨਾਂਹ ਕਰ ਦਿੱਤੀ ਸੀ। ਵੀਰ ਜੀ ਨੇ ਮੈਨੂੰ ਕਿਹਾ ਕਿ ਤੁਹਾਡੇ ਵਲੋਂ ਲਿਖੇ ਸ਼ਬਦ ਇਸ ਕਿਤਾਬ ਵਿਚ ਲਗਾ ਦੇਵਾਂਗੇ, ਭੇਜ ਦਿਉ।

ਮੈਨੂੰ ਬਹੁਤ ਬਹੁਤ ਖ਼ੁਸ਼ੀ ਹੋਈ ਤੇ ਮੈਂ ਇਹ ਲਿਖ ਕੇ ਭੇਜ ਦਿੱਤੇ। ਵਾਹਿਗੁਰੂ ਅੱਗੇ ਅਰਦਾਸ ਕਰਦੀ ਹਾਂ ਕਿ ਸੁਖਦੀਪ ਵੀਰ ਜੀ ਨੂੰ ਚੜ੍ਹਦੀ ਕਲਾ ਬਖ਼ਸ਼ਣ। ਪਰਮਾਤਮਾ ਕਰੇ ਮੇਰੀ ਉਮਰ ਵੀ ਵੀਰ ਜੀ ਨੂੰ ਲੱਗ ਜਾਵੇ।

ਖ਼ਾਲਸਾ ਰਾਜ ਦੀ ਚਾਹਵਾਨ

Gurleen Kaur

ਗੁਰਲੀਨ ਕੌਰ ਕੈਨੇਡਾ

ਲੇਖਕ ਵੱਲੋਂ

ਪਰਮ ਸਤਿਕਾਰਯੋਗ ਗੁਰੂ ਸਰੂਪ ਖ਼ਾਲਸਾ ਜੀਉ !

ਵਾਹਿਗੁਰੂ ਜੀ ਕਾ ਖ਼ਾਲਸਾ ॥

ਵਾਹਿਗੁਰੂ ਜੀ ਕੀ ਫ਼ਤਹਿ ॥

ਸਭ ਤੋਂ ਪਹਿਲਾਂ ਤਾਂ ਦਾਸ ਆਪ ਪਾਠਕ ਵਰਗ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹੈ ਕਿ "ਆਪ ਜੀ ਨੇ ਇਸ ਮਲਟੀਮੀਡੀਏ ਦੇ ਯੁੱਗ ਵਿੱਚ ਵੀ "ਕੁਝ ਪੜ੍ਹਨ" ਦੇ ਸ਼ੌਂਕ ਨੂੰ ਬਰਕਰਾਰ ਰੱਖਿਆ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਦੌਰ ਜਿਸਨੂੰ ਇੱਕੀਵੀਂ ਸਦੀ ਕਹਿ ਕੇ ਵਡਿਆਇਆ ਜਾਂਦਾ ਹੈ। ਇਸ ਵਿੱਚ "ਕੁਝ ਵੇਖਣ" ਤੇ "ਕੁਝ ਸੁਨਣ" ਦੀ ਪ੍ਰਵਿਰਤੀ ਹੀ ਭਾਰੂ ਹੋ ਚੁੱਕੀ ਹੈ। ਇਸ ਦੇ ਬਾਵਜੂਦ ਆਪ ਜੀ ਦਾ ਸਾਹਿਤ ਨਾਲ ਪਿਆਰ ਉਹ ਵੀ ਉਸ ਸਾਹਿਤ ਨਾਲ ਜਿਸ ਲਿਟਰੇਚਰ ਨੂੰ ਲਿਖਦਿਆਂ ਵੀ "ਸਾਹਿਤ ਦੀ ਦੁਨੀਆਂ ਦੇ ਕਈ ਉੱਘੇ" ਨਾਮ ਜਿਨ੍ਹਾਂ ਬਾਰੇ ਮੈਂ ਜਾਣ ਬੁੱਝ ਕੇ ਜ਼ਿਕਰ ਨਹੀਂ ਕਰਾਂਗਾ, ਉਹਨਾਂ ਦੀਆਂ ਕਲਮਾਂ ਵੀ ਡੋਲ ਗਈਆਂ ਹਨ, ਡੋਲ ਹੀ ਨਹੀਂ ਗਈਆਂ ਬਲਕਿ ਬੁਰੀ ਤਰ੍ਹਾਂ ਡਗਮਗਾ ਚੁੱਕੀਆਂ ਹਨ।

ਕਲਮਾਂ ਦੇ ਡੋਲ ਜਾਣ ਬਾਰੇ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿਉਂਕਿ ਇੱਕ ਘਟਨਾ ਹੁਣੇ-ਹੁਣੇ ਮੇਰੇ ਨਾਲ ਹੀ ਵਾਪਰੀ ਹੈ। ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਸਾਹਿਤ ਦੀ ਦੁਨੀਆਂ ਦੇ ਇੱਕ ਧਰੂ ਤਾਰੇ ਨੇ ਜਿਸ ਨੂੰ ਸ਼ਰਮਾਏਦਾਰੀ ਦੇ ਖ਼ਿਲਾਫ਼ ਕਲਮੀ ਲੜਾਈ ਵਿੱਢਣ ਦਾ ਸਿਹਰਾ ਵੀ ਜਾਂਦਾ ਹੈ ਵੱਲੋਂ ਹੱਥਲੀ ਕਿਤਾਬ ਲਈ ਮੁੱਖਬੰਦ ਲਿਖਣ ਤੋਂ ਬੜੇ ਹੀ ਤਰੀਕੇ ਨਾਲ ਅਸਮਰਥਾ ਪ੍ਰਗਟਾਈ ਗਈ ! ਸੱਚਮੁੱਚ ਉਦੋਂ ਉਸ ਸਖ਼ਸ ਵੱਲੋਂ ਕਾਗਜ਼ਾਂ ਤੇ ਚਿਤਰੇ ਸਮਾਜਵਾਦ ਦੀ ਤਸਵੀਰ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਪਈ ਤੇ ਮੈਨੂੰ ਉਸ ਸ਼ੇਰਦਿਲ ਇਨਸਾਨ ਸ. ਗਜਿੰਦਰ ਵਰਗੇ ਸਾਹਿਤਕਾਰ ਦੀ ਘਾਟ ਵੱਡੀ ਸ਼ਿੱਦਤ ਨਾਲ ਮਹਿਸੂਸ ਹੋਈ ਜਿਸਨੇ ਕਲਮ ਤੋਂ ਤਲਵਾਰ ਤਕ ਦਾ ਸਫ਼ਰ ਬੜੀ ਦ੍ਰਿੜ੍ਹਤਾ ਨਾਲ ਤਹਿ ਕੀਤਾ ਹੈ।

ਸਮੇਂ ਦੀ ਸਰਕਾਰ ਬਾਰੇ ਸੱਚ ਲਿਖਣਾ, ਕੁਝ ਮੁਸ਼ਕਿਲ ਤਾਂ ਜ਼ਰੂਰ ਹੋ ਸਕਦਾ ਹੈ, ਪਰ ਅਸੰਭਵ ਨਹੀਂ, ਖ਼ੈਰ ਉਹਨਾਂ ਵੱਲੋਂ ਇਸ ਪਾਸਿਉਂ ਮੂੰਹ ਮੋੜਨ ਦੇ ਕਈ ਕਾਰਨ ਹੋ ਸਕਦੇ ਹਨ "ਇੱਕ ਸਨਮਾਨ ਪੱਤਰ ਤੋਂ ਲੈ ਕੇ ਪਦਮ ਸ੍ਰੀ ਜਾਂ ਭਾਰਤ ਰਤਨ ਬਣਨ ਤੱਕ ਦੀ ਲਾਲਸਾ ਇਸ ਬਿਖੜੇ ਪੈਂਡੇ ਵਿੱਚ ਮੁੱਖ ਰੋੜਾ ਸਾਬਿਤ ਹੋਈ ਹੈ।

ਖ਼ੈਰ ਮੈਂ ਪਾਠਕ ਵਰਗ ਨੂੰ ਅਪੀਲ ਕਰਦਾ ਹਾਂ ਕਿ ਉਹ ਵਾਹਿਗੁਰੂ ਅੱਗੇ ਅਰਦਾਸ ਕਰਨ ਕਿ "ਸੱਚ ਲਿਖਣ ਵਾਲੀਆਂ ਕੁਝ ਕੁ ਕਲਮਾਂ ਦ੍ਰਿੜ੍ਹਤਾ ਨਾਲ ਇਸ ਕਲਮੀਂ ਸੰਘਰਸ਼ ਦੀ ਲੜਾਈ ਨੂੰ ਜਾਰੀ ਰੱਖ ਸਕਣ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸੀ ਕਿ ਬਹੁਤੀਆਂ ਕਲਮਾਂ ਵਿਕਾਊ, ਕੁਝ ਡਰਾਊ ਤੇ ਕੁਝ ਸ਼ਰਮਾਊ ਹੋ ਚੁੱਕੀਆਂ ਹਨ,ਬਿਲਕੁਲ ਇਹ ਇੱਕ ਕੌੜਾ ਸੱਚ ਹੈ, ਪਾਠਕ ਵਰਗ ਵੱਲੋਂ ਦਿੱਤਾ ਜਾਂਦਾ ਪਿਆਰ ਹੀ ਸਾਡਾ ਸਭ ਤੋਂ ਵਡਮੁੱਲਾ ਸ਼ਰਮਾਇਆ ਹੈ, ਅਸੀਂ ਇਸ ਜ਼ਾਲਮ ਸਰਕਾਰ ਤੋਂ ਆਪਣੀ ਹਿੱਕ ਲਈ ਕਿਸੇ ਗੋਲੀ ਦੀ ਉਮੀਦ ਤਾਂ ਜ਼ਰੂਰ ਕਰਦੇ ਹਾਂ ਪਰ ਉਸਤੇ ਸਜਾਉਣ ਲਈ ਕਿਸੇ ਤਮਗੇ ਦੀ ਨਹੀਂ:

ਮਾਨਾ ਕਿ ਖੋ ਗਏ ਕਹੀ ਤਲਾਸ਼ੇ ਮੰਜ਼ਿਲ ਮੇਂ ਹਮ
ਮੰਜ਼ਿਲ ਕੀ ਨਾ ਸਹੀ ਰਾਹਗੀਰ ਕੀ ਤੋ ਖ਼ਬਰ ਰਖਤੇ ਹੈਂ
ਐਸੇ ਖ਼ੁਦਾ ਕੋ ਹਮਸੇ ਟਕਰਾਉ ਮਤ ਦੀਵਾਨੋਂ
ਹਮ ਭੀ ਦੁਆਉਂ ਮੇਂ ਅਪਨੇ ਕੁਝ ਤੋਂ ਅਸਰ ਰਖਤੇ ਹੈਂ
ਮਾਰ ਹੀ ਡਾਲੇ ਜੋ ਬੇ-ਮੌਤ ਯੇ ਜ਼ਮਾਨਾ ਵੋਹ ਹੈਂ
ਹਮ ਜ਼ਿੰਦਾ ਹੈਂ ਜੋ ਜੀਨੇ ਕਾ ਹੁਨਰ ਰਖਤੇ ਹੈਂ।

ਆਪਣੀਆਂ ਪਹਿਲੀਆਂ ਦੋ ਕਿਤਾਬਾਂ ਜੰਗਨਾਮਾ ਸਿੰਘਾਂ ਤੇ ਬਿਪਰਾਂ ਅਤੇ ਬਾਗ਼ੀ ਕਵਿਤਾਵਾਂ ਲਈ ਆਪ ਜੀ ਵੱਲੋਂ ਦਿੱਤੇ ਬੇਮਿਸਾਲ ਹੁੰਗਾਰੇ ਲਈ ਆਪ ਜੀ ਦਾ ਸਦਾ ਕਰਜ਼ਦਾਰ ਰਹਾਂਗਾ। ਹਥਲੀ ਕਿਤਾਬ ਲਈ ਵੀ ਆਪ ਜੀ ਦੇ ਵਡਮੁੱਲੇ ਸੁਝਾਵਾਂ ਦੀ ਬੜੀ ਤੀਬਰਤਾ ਨਾਲ ਉਡੀਕ ਰਹੇਗੀ, ਆਸੀਸ ਬਖ਼ਸ਼ੋ ਜੀ!

—ਗੁਰੂ ਪੰਥ ਦਾ ਦਾਸ
ਸੁਖਦੀਪ ਸਿੰਘ ਬਰਨਾਲਾ

ਮੁਸਾਫ਼ਿਰ ਨੂੰ

ਆਫਤਾਂ ਦੇ ਵਿੱਚ ਅੱਜ ਘਿਰ ਗਿਆ ਏ ਕਾਫ਼ਲਾ
ਕਿਵੇਂ ਤੈਅ ਕਰਾਂਗੇ ਦੱਸ ਮੰਜ਼ਿਲਾਂ ਦਾ ਫ਼ਾਸਲਾ
ਨਾ ਤੀਰ ਵਾਲਾ ਬਾਬਾ, ਨਾ ਉਹ ਬੱਬਰਾਂ ਦਾ ਬਾਨੀ
ਬੁੱਧ ਸਿੰਘ ਵਾਲੇ ਜੰਟੇ ਜਿਹਾ ਨਾ ਕੋਈ ਦਿਲਜਾਨੀ
ਨਾ ਕੋਈ ਯੋਧਾ "ਪਰਮਾਰ" ਜਿਹੜਾ ਸੁਣ ਲਊ ਪੁਕਾਰ
ਤੂਫ਼ਾਨ ਵੈਰੀਆਂ ਦੇ ਠੱਲ੍ਹੇ, ਨਾ ਉਹ ਦੀਂਹਦਾ "ਬਾਬਾ ਬੋਹੜ" ਆ
ਕੋਈ ਰਹਿਬਰ ਤਾਂ ਨਹੀਂ ਚਲੋ ਇਦਾਂ ਈ ਸਹੀ
ਪਰ ਹਮਸਫ਼ਰਾਂ ਦੀ ਲੋੜ......ਹਮਸਫ਼ਰਾਂ ਦੀ ਲੋੜ ਆ
ਸੁੱਤੇ ਹੋਏ ਗਾਫਲਾ ਉਏ
ਉੱਠ ਚੱਲੀਏ ਮੁਸਾਫ਼ਿਰਾਂ ਉਏ
ਅਜੇ ਬੜਾ ਪਿਆ ਫ਼ਾਸਲਾ
ਬਣ ਜਾਣਾ ਕਾਫ਼ਲਾ

ਜਿਹਨੂੰ ਸ਼ੱਕ ਨਾਲ ਵੇਖੇਂ, ਉਹ ਵੀ ਆਪਣਾ ਈ ਵੀਰ ਏ
ਬਾਪੂ ਉਹਦੇ ਵਾਲੀ ਪੱਗ ਵੀ, ਹੋਈ ਲੀਰੋ ਲੀਰ ਏ
ਹਨੇਰੀਆਂ ਨੇ ਉਹਦਾ ਵੀ ਏ ਆਲਣਾ ਉਜਾੜਿਆ
ਤੇਰੇ ਵਾਂਗੂੰ ਉਹ ਵੀ ਯਾਰਾ ਵਕਤਾਂ ਦਾ ਮਾਰਿਆ
ਚੁੰਨੀ ਲਾਡੋ ਦੀ ਨਹੀਂ ਲੱਭੀ
ਕਾਹਦੀ 'ਪੰਦਰਾਂ' ਤੇ 'ਛੱਬੀ'
ਕਾਤਿਲਾਂ ਦੇ ਮਹਿਲਾਂ ਉੱਤੇ
ਪੈਲਾਂ ਪਾਉਂਦੇ ਮੋਰ ਆ
ਕੋਈ ਰਹਿਬਰ ਤਾਂ ਨਹੀਂ ਚਲੋ ਇਦਾਂ ਈ ਸਹੀ
ਪਰ ਹਮਸਫ਼ਰਾਂ ਦੀ ਲੋੜ......ਹਮਸਫ਼ਰਾਂ ਦੀ ਲੋੜ ਆ
ਸੁੱਤੇ ਹੋਏ ਗਾਫਲਾ ਉਏ

ਉੱਠ ਚੱਲੀਏ ਮੁਸਾਫ਼ਿਰਾ ਉਏ
ਅਜੇ ਬੜਾ ਪਿਆ ਫ਼ਾਸਲਾ
ਬਣ ਜਾਣਾ ਕਾਫ਼ਲਾ

ਬਹੁਤੀ ਦੂਰ ਹੁੰਦੇ ਨਹੀਓਂ, ਰਾਹੀਆਂ ਤੋਂ ਮੁਕਾਮ ਉਏ
ਮੰਜ਼ਿਲਾਂ ਤੋਂ ਪਹਿਲਾਂ ਸਾਨੂੰ, ਰੁਕਣਾ ਹਰਾਮ ਉਏ
ਦੁੱਖਾਂ, ਤਕਲੀਫ਼ਾਂ ਵਾਲੀ ਮੁੱਕ ਜਾਣੀ ਰਾਤ ਉਏ
ਚੜ੍ਹਨਾ ਸਾਡੇ ਸੂਰਜਾਂ ਨੇ ਯਾਦ ਰੱਖੀਂ ਬਾਤ ਉਏ
ਭਾਵੇਂ ਲੰਬੀਆਂ ਨੇ ਵਾਟਾਂ
ਪਰ ਛੱਡੀਏ ਨਾ ਆਸਾਂ
ਪਾਉਣੀ ਨੱਕ 'ਚ ਨਕੇਲ
ਜਿਹੜੇ ਦਿੱਲੀ ਵਾਲੇ ਚੋਰ ਆ
ਕੋਈ ਰਹਿਬਰ ਤਾਂ ਨਹੀਂ ਚਲੋ ਇਦਾਂ ਈ ਸਹੀ
ਪਰ ਹਮਸਫ਼ਰਾਂ ਦੀ ਲੋੜ.....ਹਮਸਫ਼ਰਾਂ ਦੀ ਲੋੜ ਆ
ਸੁੱਤੇ ਹੋਏ ਗਾਫਲਾ ਉਏ
ਉੱਠ ਚੱਲੀਏ ਮੁਸਾਫ਼ਿਰਾ ਉਏ
ਅਜੇ ਬੜਾ ਪਿਆ ਫ਼ਾਸਲਾ
ਬਣ ਜਾਣਾ ਕਾਫ਼ਲਾ

ਦਾਸਤਾਂ

ਚੱਲੀ ਹੈ ਜੇ ਗੱਲ ਫਿਰ ਸੁਣ ਲਈਂ ਧਿਆਨ ਲਾ ਕੇ
ਬੱਦਲਾਂ 'ਚ ਘਿਰੇ ਚੰਦ ਤਾਰਿਆਂ ਦੀ ਦਾਸਤਾਂ
ਨਹਿਰੂ ਜਿਹੇ ਮੱਕਾਰਾਂ ਵੱਲੋਂ ਸੰਨ ਸੰਤਾਲੀ ਵੇਲੇ
ਮੇਰੀ ਕੌਮ ਨੂੰ ਜੋ ਲਾਏ ਉਨ੍ਹਾਂ ਲਾਰਿਆਂ ਦੀ ਦਾਸਤਾਂ
ਕੱਟ ਦਿੱਤੇ ਸਿਰ ਭਾਵੇਂ, ਪਰ ਸਿਰੜ ਨਾ ਕੱਟ ਸਕੇ
ਸਿਰਾਂ ਉੱਤੇ ਚੱਲੇ ਸਾਡੇ ਆਰਿਆਂ ਦੀ ਦਾਸਤਾਂ
ਹਿੱਲੇ ਨਾ ਅਕੀਦੇ ਉੱਤੋਂ ਮੌਤ ਨੂੰ ਕਬੂਲ ਕਰਗੇ
ਚਰਖੜੀਆਂ ਉੱਤੇ ਸਿੰਘਾਂ ਚਾੜ੍ਹਿਆਂ ਦੀ ਦਾਸਤਾਂ
ਜਿਸਦੀ ਅਵਾਜ਼ ਨਾਲ ਪਾਪੀਆਂ ਦੇ ਪਾਪ ਕੰਬੇ
ਸੁਣ ਉਨ੍ਹਾਂ "ਰਣਜੀਤ" ਜਏ ਨਗਾਰਿਆਂ ਦੀ ਦਾਸਤਾਂ
ਵੈਰੀਆਂ ਤੋਂ ਬਚਗੇ ਜੋ ਮਿੱਤਰਾਂ ਨੇ ਮਾਰ ਦਿੱਤੇ
ਲਹਿਰਾਂ ਹੱਥੋਂ ਖੁਰੇ ਹੋਏ ਕਿਨਾਰਿਆਂ ਦੀ ਦਾਸਤਾਂ
ਸਮੇਂ ਨਾਲ ਬਣ ਗਏ ਜੋ ਝੋਲੀ ਚੁੱਕ ਕਾਤਿਲਾਂ ਦੇ
ਸੁਣੀਂ ਉਹਨਾਂ ਧੋਖੇਬਾਜ਼ਾਂ ਸਾਰਿਆਂ ਦੀ ਦਾਸਤਾਂ
ਬਾਜ਼ੀਆਂ ਜਿੱਤਣ ਵਾਲੇ ਇੱਕ ਰੁਲੇ "ਜਰਨੈਲ" ਬਾਝੋਂ
ਬਾਹੂਬਲੀ ਸਮੇਂ ਹੱਥੋਂ ਹਾਰਿਆਂ ਦੀ ਦਾਸਤਾਂ
ਮੂੰਹ 'ਚ ਪੈਟਰੋਲ ਗਲੀਂ ਟਾਇਰਾਂ ਦੀ ਵੀ ਬਾਤ ਸੁਣ
ਸੁਣੀਂ ਯਾਰਾ ਢੱਠੇ ਹੋਏ ਮੀਨਾਰਿਆਂ ਦੀ ਦਾਸਤਾਂ

ਭਿੰਡਰਾਂਵਾਲਾ ਹੋਰ

ਤੂੰ ਕਾਹਤੋਂ ਤੁਰ ਗਿਆ ਸੂਰਿਆ
ਅਜੇ ਮੈਨੂੰ ਸੀ ਤੇਰੀ ਲੋੜ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਮੇਰੀ ਕੁੱਖੋਂ ਜੰਮੇ ਬਦਲ ਗਏ
ਮੇਰਾ ਟੁੱਟ ਗਿਆ ਅੱਜ ਮਾਣ
ਇਥੇ ਭਈਏ ਵੇਖ ਬਿਹਾਰ ਦੇ
ਮੇਰੀ ਹਿੱਕ 'ਤੇ ਥੁੱਕਦੇ ਪਾਨ
ਸਭ ਕੁਰਸੀ ਦੇ ਪੁੱਤ ਬਣ ਗਏ
ਮੇਰਾ ਕੋਈ ਨਹੀਂ ਸੁਣਦਾ ਸ਼ੋਰ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਮੇਰੀ ਹਿੱਕ 'ਤੇ ਵੇਖ ਲੈ ਵਗਦੇ
ਅੱਜ ਨਸ਼ਿਆਂ ਦੇ ਦਰਿਆ
ਸੀ ਮੈਂ ਵਸਦੀ ਗੁਰਾਂ ਦੇ ਨਾਮ 'ਤੇ
ਮੈਨੂੰ ਪਾਖੰਡੀਆਂ ਘੇਰ ਲਿਆ
ਮੈਨੂੰ ਨੋਚ-ਨੋਚ ਕੇ ਖਾ ਗਏ
ਇਹ ਚਿੱਟ ਕੱਪੜੀਏ ਚੋਰ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਮੇਰੇ ਪੁੱਤਰ ਕੋਹ-ਕੋਹ ਮਾਰ'ਤੇ
ਇਥੇ ਘਰ-ਘਰ ਮੱਚਿਆ ਕਹਿਰ
ਮੇਰੀਆਂ ਧੀਆਂ ਵਿਧਵਾ ਰੋਂਦੀਆਂ
ਇਥੇ ਜੰਮੇ ਨਵੇਂ ਓਡਵਾਇਰ
ਆ ਕੇ ਇੱਜ਼ਤ ਰੱਖ ਲੈ ਯੋਧਿਆ
ਮੇਰਾ ਚੱਲਦਾ ਨਹੀਂ ਕੋਈ ਜ਼ੋਰ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਸੀ ਮੈਂ ਮਾਲਕ ਪੰਜ ਦਰਿਆ ਦੀ
ਅੱਜ ਖੁੱਸੀ ਮੇਰੀ ਸ਼ਾਨ
ਸੰਨ "47" ਵੇਲੇ ਖੇਡ ਗਏ
ਮੇਰੀ ਇੱਜ਼ਤ ਨਾਲ ਸ਼ੈਤਾਨ
"66" 'ਚ ਜਾ ਕੇ ਸੰਭਲੀ
ਦਿੱਤਾ ਅੰਗ-ਅੰਗ ਪਰ ਤੋੜ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਫਿਰ ਗਰਜਿਆ ਤੂੰ ਜਦੋਂ ਯੋਧਿਆ
ਮੇਰੇ ਮੁੱਕ ਗਏ ਫ਼ਿਕਰ ਤਮਾਮ
ਸ਼ੇਰ ਮੇਰਾ ਗਿਣ-ਗਿਣ ਲੈ ਲਊ ਬਦਲੇ
ਲੈ ਕੇ ਆਪਣੇ ਹੱਥ ਲਗਾਮ
ਪਰ ਤੂੰ ਹੱਸ ਸ਼ਹੀਦੀ ਪਾ ਗਿਆ
ਵੈਰੀਆਂ ਪਾਪ ਕਮਾਇਆ ਘੋਰ
ਮੈਂ ਕਿਥੋਂ ਲਿਆਵਾਂ ਲੱਭ ਕੇ

ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।
ਤੈਨੂੰ ਗਿੱਠ-ਗਿੱਠ ਚੜ੍ਹੀਆਂ ਲਾਲੀਆਂ
ਸੀ ਸ਼ਹੀਦ ਹੋਣ ਦਾ ਚਾਅ
ਦਾਗ਼ ਨਾ ਲਾਇਆ ਕੁੱਖ ਨੂੰ
ਦਿੱਤਾ ਇਤਿਹਾਸ ਦੁਹਰਾਅ
ਵੇ ਮੈਨੂੰ ਮੁੜ-ਮੁੜ ਚੇਤੇ ਆਂਵਦੇ
ਤੇਰੇ ਸੀਨਾ ਵਿੰਨ੍ਹਦੇ ਬੋਲ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਮੇਰੇ ਪੁੱਤ ਹਜ਼ਾਰਾਂ ਯੋਧਿਆ
ਇਥੇ ਜੇਲ੍ਹੀਂ ਦਿੱਤੇ ਤਾੜ
ਉਹ ਅੰਦਰੇ ਬੁੱਢੇ ਹੋ ਗਏ
ਕਈ ਗੁਜ਼ਰੇ ਮਾਘ ਤੇ ਹਾੜ
ਮੈਂ ਗੋਤੇ ਖਾਂਦੀ ਸੂਰਿਆ
ਮੇਰੀ ਕੋਈ ਨਹੀਂ ਫੜਦਾ ਡੋਰ
ਮੈਂ ਕਿਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ।

ਕੌਮੀ ਬਾਬੇ ਨੂੰ

ਮੇਰੇ ਕੌਮੀ ਸੰਘਰਸ਼ ਦੇ ਬਾਨੀਆਂ ਉਏ
ਅੱਜ ਰੜਕਦੀ ਏ ਤੇਰੀ ਘਾਟ ਮੈਨੂੰ
ਤੇਰੇ ਬਾਝੋਂ ਇਹ ਕਾਫ਼ਲਾ ਘਿਰ ਗਿਆ ਏ
ਔਖੀ ਤੁਰਨੀ ਸੰਘਰਸ਼ ਦੀ ਵਾਟ ਮੈਨੂੰ

ਤੇਰੀ ਬੁੱਕਲ ਦਾ ਨਿੱਘ ਜੋ ਮਾਣਦੇ ਰਹੇ
ਸੱਪ ਬੁੱਕਲ ਦੇ ਅੱਜ ਉਹੀ ਬਣ ਗਏ ਨੇ
ਪਾ ਕੇ ਦਿੱਲੀ ਦੇ ਨਾਲ ਪਿਆਰ ਡਾਢਾ
ਫਣ ਸਾਡੇ ਹੀ ਸਾਹਮਣੇ ਤਣ ਲਏ ਨੇ।

ਰਹੇ ਵਾਂਗ ਪਰਛਾਵੇਂ ਜੋ ਨਾਲ ਤੇਰੇ
ਅੱਜ ਅੱਤਵਾਦੀ ਤੈਨੂੰ ਉਹ ਕਹਿਣ ਲੱਗੇ
ਮਾਰੇ ਕੋਹ-ਕੋਹ ਪੰਜਾਬ ਦੇ ਪੁੱਤ ਜਿੰਨਾਂ
ਉਹਨਾਂ ਯਾਰਾਂ ਨਾ ਮਹਿਫ਼ਲਾਂ 'ਚ ਬਹਿਣ ਲੱਗੇ

ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ
ਜਨਮ ਦਿਨ ਅੱਜ ਆਪਣੇ ਮਨਾ ਰਹੇ ਨੇ
ਕਦੇ ਕਹਿੰਦੇ ਸੀ ਹਿੰਦ ਨਹੀਂ ਦੇਸ਼ ਸਾਡਾ
ਸਾਨੂੰ ਦੇਸ਼ ਭਗਤੀ ਦੇ ਗੁਰ ਸਿਖਾ ਰਹੇ ਨੇ

ਵਿੱਚ ਦਿੱਲੀ ਦੇ ਸਾੜਿਆ ਸੰਵਿਧਾਨ ਜਿੰਨਾਂ
ਅੱਜ ਉਹ ਸਿੱਖੀ ਸਿਧਾਂਤਾਂ ਨੂੰ ਸਾੜਦੇ ਨੇ
ਹਵਨਾਂ ਵਿੱਚ ਬਿਭੂਤੀਆਂ ਪਾਉਣ 'ਕਾਲੀ
ਚੰਦ ਨਵੇਂ ਤੋਂ ਨਵੇਂ ਨਿੱਤ ਚਾੜ੍ਹਦੇ ਨੇ।

ਝੰਡੀ ਵਾਲੀਆਂ ਕਾਰਾਂ ਦੇ ਮੂੰਹ ਅੱਜ ਕੱਲ੍ਹ
ਡੇਰੇਦਾਰਾਂ ਦੀ ਹਾਜ਼ਰੀ ਭਰਨ ਲੱਗੇ
ਬਹਿਕੇ ਖੁਰਾਂ 'ਚ ਸਿੱਖੀ ਦੇ ਕਾਤਲਾਂ ਦੇ
ਕੌਮੀ ਏਕਤਾ ਮਜ਼ਬੂਤ ਇਹ ਕਰਨ ਲੱਗੇ

ਕੀਤਾ ਹਮਲਾ ਹਰਿਮੰਦਰ ਤੇ ਹਿੰਦੂਆਂ ਨੇ
84 ਵਿੱਚ ਜੋ ਬਿਆਨ ਇਹ ਦਾਗਦੇ ਰਹੇ
ਖ਼ੂਨ ਡੋਲ ਹੋ ਸੁਰਖ਼ਰੂ ਅਸੀਂ ਸੌਂ ਗਏ
ਕੰਬਖ਼ਤ ਕੌਮੀ ਗੱਦਾਰ ਇਹ ਜਾਗਦੇ ਰਹੇ

ਦੁਨੀਆਂ ਪੱਧਰ ਤੇ ਸਾਨੂੰ ਬਦਨਾਮ ਕਰ ਗਏ
ਫ਼ਿਰਕਾਪ੍ਰਸਤੀ ਤੋਂ ਪ੍ਰੇਰਿਤ ਕਹਿੰਦੇ ਜੰਗ ਸਾਡੀ
ਦੋ ਮਜਹਬਾਂ ਦਾ ਝਗੜਾ ਬਣਾ ਦਿੱਤਾ
ਮੰਨੀ ਕਿਸੇ ਨਾਂ ਇੱਕ ਵੀ ਮੰਗ ਸਾਡੀ

ਜੰਗਾਂ ਅੱਜ ਤੱਕ ਅਸੀਂ ਅਨੇਕ ਲੜੀਆਂ
ਗੱਲ ਕਹਿਣ ਤੋਂ ਮੂਲ ਨਾਂ ਸੰਗਦੇ ਹਾਂ
ਪਰ ਕੁਲ ਦੁਨੀਆਂ ਲਈ ਸਾਂਝਾ ਉਪਦੇਸ ਸਾਡਾ
ਅਸੀਂ ਤਾਂ ਭਲਾ ਸਰਬੱਤ ਦਾ ਮੰਗਦੇ ਹਾਂ

ਟੱਕਰ ਜ਼ਾਲਮਾਂ ਨਾਲ ਰਹੀ ਤੇ ਰਹੇਗੀ ਵੀ
ਵੇਖਿਆ ਪਰਖਿਆ ਨਹੀਂ ਕਦੇ ਵੀ ਕੌਣ ਵੈਰੀ
ਕੌਮਾਂ, ਧਰਮਾਂ ਦਾ ਨਹੀਂ ਸਵਾਲ ਇਥੇ
ਬੇਸ਼ੱਕ ਕਿਸੇ ਵੀ ਮਜ਼ਹਬ ਦੇ ਹੋਣ ਵੈਰੀ

ਅਰੁਣ ਵੈਦਿਆ, ਔਰੰਗਾ ਜਾਂ ਅਜੀਤ ਸੰਧੂ
ਹੋਵੇ ਗੰਗੂ ਗੱਦਾਰ ਜਾਂ ਗੁਰਬਚਨਾਂ ਨਰਕਧਾਰੀ

ਡੰਗ ਸਾਰੇ ਹੀ ਇੱਕੋ ਜਿਹੇ ਮਾਰਦੇ ਰਹੇ
ਛੁਰੀ ਸਾਰਿਆਂ ਨੇ ਪਿੱਠ ਦੇ ਵਿੱਚ ਮਾਰੀ
ਨਹੀਂ ਡਰਨਾਂ, ਡਰਾਉਣਾ ਨਹੀਂ ਕਿਸੇ ਨੂੰ ਵੀ
ਰਿਹਾ ਮੁੱਢੋਂ ਨਿਸ਼ਾਨਾ ਇਹ ਖ਼ਾਲਸੇ ਦਾ
ਸਿੰਘਾਂ ਵਾਸਤੇ ਗਾਲ਼ ਗੁਲਾਮ ਹੋਣਾ
ਇਹੋ ਕੌਮੀ ਤਰਾਨਾ ਏ ਖ਼ਾਲਸੇ ਦਾ

ਮਰਦ ਦੇ ਨਾਂ

ਤੇਰੇ ਨਾਲ ਸੀ ਸੰਘਣੀਆਂ ਛਾਵਾਂ
ਤੇਰੇ ਬਾਝੋਂ ਜੱਗ ਸੱਖਣਾ
ਉਏ ਤੀਰ ਵਾਲਿਆ

ਤੂੰ ਤਾਂ ਸਾਡਿਆਂ ਦਿਲਾਂ ਦੀ ਧੜਕਣ
ਜੇ ਵਿਸਰੇਂ ਤਾਂ ਮਰ ਜਾਈਏ
ਉਏ ਕੌਮੀ ਰਹਿਬਰਾ

ਭੰਨ ਚੂੜੀਆਂ, ਪਰ੍ਹਾਂ ਸੁੱਟ ਗਹਿਣੇ
ਕੌਮੀ ਬਾਬਾ ਤੁਰ ਚੱਲਿਆ
ਨੀ ਜਿੰਦੇ ਮੇਰੀਏ

ਇੱਕ ਤੂੰਹੀ ਸੀ ਸਹਾਰਾ ਸਿੱਖ ਪੰਥ ਦਾ
ਤੇਰੇ ਬਾਝੋਂ ਡੁੱਬ ਨਾ ਜਾਵੇ
ਉਏ ਬੇੜਾ ਕੌਮ ਦਾ

ਬੰਦ ਕਰਤੀ ਅਵਾਜ਼ ਪੰਜਾਬ ਦੀ
ਇੱਕ ਤੈਨੂੰ ਸ਼ਹੀਦ ਕਰਕੇ
ਉਏ ਬਾਪੂ ਮੇਰਿਆ

ਕੌਮੀ ਦਰਦ ਵੰਡਾਉਂਦਾ ਸੀ ਤੂੰ ਬਹਿਕੇ
ਹੁਣ ਕੀਹਨੂੰ ਦੁੱਖ ਦੱਸੀਏ
ਉਏ ਕੌਮੀ ਰਹਿਬਰਾ

ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ
ਛੱਡਕੇ ਮੈਦਾਨ ਭੱਜਗੇ
ਉਏ ਸਿੰਘਾ ਸੂਰਿਆ

ਹੂਕ

ਉਠ ਪੂਰਾ ਕਰੀਏ ਕਰਾਰਾਂ ਨੂੰ
ਜ਼ਿੰਦ ਜਿੰਨ੍ਹਾ ਦੀ ਅਮਾਨਤ ਐ
ਚੱਲ ਦੇ ਕੇ ਆਈਏ ਯਾਰਾਂ ਨੂੰ

ਬਹਿੰਦੇ ਮਹਿਫ਼ਲਾਂ 'ਚ ਜੁੜ-ਜੁੜ ਕੇ
ਸਭ ਕੁਝ ਮਿਲ ਜਾਵਣਾ
ਇੱਕ ਤੂੰ ਨਹੀਉਂ ਆਉਣਾ ਮੁੜਕੇ

ਹੱਥਾਂ ਵਿੱਚੋਂ ਲਾਲ ਕਿਰਦੇ
ਉਹੀ ਸ਼ੇਰ ਨਹੀਉਂ ਦਿਸਦਾ
ਬੜੇ ਗਿੱਦੜਾਂ ਦੇ ਵੱਗ ਫਿਰਦੇ

ਖੇਡੇ ਨਾਲ ਹਥਿਆਰਾਂ ਦੇ
"ਤੀਰ ਵਾਲਾ" ਗੁੰਮ ਹੋ ਗਿਆ
ਵੱਸ ਪੈ ਗੇ ਆਂ ਗੱਦਾਰਾਂ ਦੇ

ਉੱਡ ਕਾਲਿਆ ਕਾਵਾਂ ਵੇ
ਡੋਬ ਦਿੰਦੇ ਕਾਫ਼ਲੇ ਨੂੰ
ਭੇਤੀ ਹੋਣ ਨਾਂ ਜੋ ਰਾਹਵਾਂ ਦੇ

ਅਸੀਂ ਸੀ ਅਣਜਾਣੇ ਵੇ
ਬੁੱਕਲਾਂ 'ਚ ਬੈਠੇ ਡੋਗਰੇ
ਸਾਥੋਂ ਗਏ ਨਾਂ ਪਛਾਣੇ ਵੇ

ਸੰਘਰਸ਼ ਖ਼ੂਨ ਨਾਲ ਮਘਦਾ ਏ
ਯੋਧਿਆਂ ਦੀ ਸੋਚ ਨਹੀਂ ਮਰੀ
ਪਰ ਦੀਵਾ ਦੂਰ-ਦੂਰ ਜਗਦਾ ਏ

ਪੈਗੇ ਮਾਮਲੇ ਭਾਰੇ ਵੇ
ਪਹਿਲਾਂ-ਪਹਿਲਾਂ ਤੁਰ ਚੱਲੇ ਨੇ
ਜਿਹੜੇ ਜਾਨ ਤੋਂ ਪਿਆਰੇ ਵੇ

ਅਸੀਂ ਹਨੇਰਿਆਂ 'ਚੋਂ ਰਾਹ ਵੇਖਦੇ
ਹੋਵੇਂ ਜੇ ਕਿਤੇ ਮੁੱਲ ਵਿਕਦਾ
ਅੱਜ ਲੈ ਲਵਾਂ ਜ਼ਿੰਦ ਵੇਚਕੇ

ਆਖ਼ਰੀ ਪੈਗ਼ਾਮ

ਵਤਨਾਂ ਮੇਰਿਆ ਮਤਾ ਕੋਈ ਏਹ ਆਖੇ
ਮੇਰੀਆਂ ਅੱਖਾਂ 'ਚ ਤੇਰੀ ਤਸਵੀਰ ਨਹੀਂ ਸੀ
ਤੇਰੀ ਪੈੜ ਮੈਂ ਚੁੰਮਦਾ ਜਾ ਰਿਹਾ ਹਾਂ
ਪਰ ਤੈਨੂੰ ਵੇਖਣਾ ਮੇਰੀ ਤਕਦੀਰ ਨਹੀਂ ਸੀ

ਕੱਲ੍ਹ ਨੂੰ ਹੋ ਸਕਦੈ ਤਾਅਨੇ ਜਹਾਨ ਮਾਰੇ
ਸਿਰ ਲੱਥਾਂ ਦੇ ਤੁਰੇ ਹੋਏ ਕਾਫ਼ਲੇ ਨੂੰ
ਮਤਾ ਕੋਈ ਭਟਕੀ ਜਵਾਨੀ ਹੀ ਕਹਿ ਦੇਵੇ
ਲਾਲ ਕਿਲ੍ਹੇ ਵੱਲ ਮੁੜੇ ਹੋਏ ਕਾਫ਼ਲੇ ਨੂੰ

ਹੱਕ ਲੈਣ ਦਾ ਅਸੀਂ ਜੋ ਅਹਿਦ ਕੀਤਾ
ਅੱਤਵਾਦ ਵੀ ਇਹਨੂੰ ਕੋਈ ਕਹਿ ਸਕਦਾ
"ਪਾਕ ਸ਼ਹਿਰ ਅੰਮ੍ਰਿਤਸਰ" ਦੀ ਮੰਗ ਕਰਕੇ
ਏਜੰਟ "ਪਾਕਿ" ਦਾ ਕਹਾਉਣਾ ਵੀ ਪੈ ਸਕਦਾ

ਪਾਣੀ ਲੈਣ ਲਈ ਮਤਾ ਪੰਜਾਬ ਖ਼ਾਤਿਰ
ਖ਼ੂਨ ਪਾਣੀ ਵਾਂਗ ਵਹਾਉਣਾ ਵੀ ਪੈ ਸਕਦੈ
ਦਿੱਲੀ ਤਖ਼ਤ ਦੇ ਕਿੰਗਰੇ ਢਾਹੁਣ ਦੇ ਲਈ
ਤਖ਼ਤ ਅਕਾਲ ਢੁਹਾਉਣਾ ਵੀ ਪੈ ਸਕਦੈ

ਚੜ੍ਹਕੇ ਆਏ ਹਰਿਮੰਦਰ ਤੇ ਵੈਰੀਆਂ ਨੂੰ
ਦੋ-ਦੋ ਹੱਥ ਵਿਖਾਉਣੇ ਵੀ ਪੈ ਸਕਦੇ
ਬੇਦਰਦ ਉਸ ਦਿੱਲੀ ਵਿੱਚ ਖ਼ਾਲਸੇ ਨੂੰ
ਟਾਇਰ ਗਲਾਂ 'ਚ ਪੁਆਉਣੇ ਵੀ ਪੈ ਸਕਦੇ

ਰੱਸੇ ਫ਼ਾਂਸੀ ਦੇ ਹੱਸ-ਹੱਸ ਚੁੰਮਣੇ ਦਾ
ਇਤਿਹਾਸ ਮੁੜਕੇ ਦੁਹਰਾਉਣਾ ਵੀ ਪੈ ਸਕਦਾ
ਘਰ ਦੇ ਛੱਡ ਕੇ ਸੁਖ ਅਰਾਮ ਸਾਰੇ
ਰੂਪੋਸ਼ ਜੀਵਨ ਜਿਊਣਾ ਵੀ ਪੈ ਸਕਦਾ

ਲਗਦੈ ਹਰੀਕੇ ਪੱਤਣ ਦੀ ਨਹਿਰ ਜਿਹੜੀ
ਪਿਆਰ ਸਿੰਘਾਂ ਨਾਲ ਗੂੜ੍ਹਾ ਪਾਊਗੀ ਇਹ
ਲੱਕੜਾਂ, ਕੱਫਣਾਂ ਤੋਂ ਜਦੋਂ ਜੱਗ ਜੁਆਬ ਦੇਜੂ
ਫ਼ਰਜ਼ ਆਖ਼ਰੀ ਉਦੋਂ ਨਿਭਾਊਗੀ ਇਹ

ਵੇਖ-ਵੇਖ ਕੇ ਫ਼ਰਜ਼ੀ ਉਦੋਂ ਮੁਠਭੇੜਾਂ
ਸਾਡੇ ਨਾਲ ਹੀ ਹੰਝੂ ਵਹਾਊਗੀ ਇਹ
ਪਰਦੇ "ਉਹਨਾਂ" ਦੇ ਗੁਨਾਹਾਂ ਤੇ ਪਾਉਣ ਦੇ ਲਈ
ਲਾਵਾਰਿਸ ਲਾਸ਼ਾਂ ਨੂੰ ਸੀਨੇ ਨਾਲ ਲਾਊਗੀ ਇਹ

ਅਸੀਂ ਤਾਂ ਕਾਤਿਲਾਂ ਦੇ ਭਰਮ ਨੂੰ ਤੋੜਿਆ ਏ
ਕਿ ਸਾਡੀ ਕੌਮ ਵਿੱਚ ਹੁਣ ਕੋਈ "ਮਨਸੂਰ" ਨਹੀਂ ਸੀ
"ਦੀਪ" ਸੁੱਖਾਂ ਦੇ ਬਲਣ ਬਨੇਰਿਆਂ ਤੇ
ਭਾਣਾ ਖ਼ੁਦਾ ਨੂੰ ਸ਼ਾਇਦ ਮਨਜ਼ੂਰ ਨਹੀਂ ਸੀ

ਜਿਹੜੀ ਹਾਕਮਾਂ ਹੱਥੋਂ ਵਿਕਾਊ ਹੋ ਜੇ
ਸਾਡੀ ਇਹੋ ਜਿਹੀ ਮੁਰਦਾ ਜ਼ਮੀਰ ਨਹੀਂ ਸੀ
ਨਹੀਂ ਗਿਲਾ, ਸ਼ਾਇਦ ਹੋਵੇ ਦਮ ਆਖ਼ਰੀ ਇਹ
ਪਰ ਕਾਫ਼ਲੇ ਦਾ ਇਹ ਆਖ਼ੀਰ ਨਹੀਂ ਸੀ

ਵਤਨਾਂ ਮੇਰਿਆ ਮਤਾ ਕੋਈ ਏਹ ਆਖੇ
ਮੇਰੀਆਂ ਅੱਖਾਂ 'ਚ ਤੇਰੀ ਤਸਵੀਰ ਨਹੀਂ ਸੀ
ਤੇਰੀ ਪੈੜ ਮੈਂ ਚੁੰਮਦਾ ਜਾ ਰਿਹਾ ਹਾਂ
ਪਰ ਤੈਨੂੰ ਵੇਖਣਾ ਮੇਰੀ ਤਕਦੀਰ ਨਹੀਂ ਸੀ

ਆਖ਼ਰੀ ਮੁਲਾਕਾਤ

ਪੁੱਤ ਖਾੜਕੂ ਤੇਰਾ ਲੜਿਆ ਜ਼ਮੀਨ ਪਿੱਛੇ
ਮਿਹਣਾ ਮਾਰੇ ਨਾ ਤੈਨੂੰ ਕਿਤੇ ਜੱਗ ਮਾਏ
ਰੁਲੇਗੀ ਖ਼ਬਰੇ ਕਿਥੇ ਲਾਸ਼ ਮੇਰੀ
ਨਹੀਂ ਸਿਵਿਆਂ 'ਚ ਵੀ ਮੇਰਾ ਤਾਂ ਅੱਧ ਮਾਏ

ਕੌਮੀ ਘਰ ਲਈ ਕਾਫ਼ਲਾ ਲੜ ਰਿਹਾ ਏ
ਲੜਦਿਆਂ ਪਰਿਵਾਰ ਲਈ ਲੱਗਦੀ ਸੰਗ ਮਾਏ
ਇੰਨਾਂ ਗੱਲਾਂ 'ਚ ਨਾਂ ਐਵੇਂ ਉਲਝਾ ਮੈਨੂੰ
ਸਾਡੀ ਤਾਂ ਹਿੰਦ ਸਰਕਾਰ ਨਾਲ ਜੰਗ ਮਾਏ

ਮੇਰਾ ਫ਼ੈਸਲਾ ਪੱਥਰ ਤੇ ਲੀਕ ਮਾਤਾ
ਭਾਵੇਂ ਅੱਜ ਸੁਣ ਲਏ, ਭਾਵੇਂ ਕੱਲ੍ਹ ਸੁਣ ਲਏ
ਲੜਨਾਂ ਕੌਮ ਖ਼ਾਤਿਰ, ਮਰਨਾ ਕੌਮ ਖ਼ਾਤਿਰ
ਆਪਣੇ ਲਾਲ ਦੇ ਦਿਲ ਦੀ ਗੱਲ ਸੁਣ ਲਏ

ਵੇਖਿਆ ਜਾਂਦਾ ਨਹੀਂ ਸਰੋਵਰ ਦਾ ਲਾਲ ਪਾਣੀ
ਪਿਆ ਕੌਮ ਤੇ ਵਖ਼ਤ ਨਹੀਂ ਵੇਖ ਹੁੰਦਾ
ਵੇਖੀ ਜਾਂਦੀ ਨਹੀਂ ਫ਼ਿਜ਼ਾ ਵਿੱਚ ਚੁੱਪ ਪਸਰੀ
ਖੰਡਰ ਹੋਇਆ ਤਖ਼ਤ ਨਹੀਂ ਵੇਖ ਹੁੰਦਾ

ਅੰਮ੍ਰਿਤਸਰ ਵੱਲੋਂ ਚਲਦੀ ਹਵਾ ਵਿੱਚੋਂ
ਮੈਨੂੰ ਆਉਂਦੀ ਬਾਰੂਦ ਦੀ ਬੋ ਮਾਏ
ਵਿੱਚ ਚੁੱਲ੍ਹੇ ਤੂੰ ਬਾਲਦੀ ਅੱਗ ਜਿਹੜੀ
ਲੱਗਦੀ ਸ਼ਹੀਦਾਂ ਦੇ ਸਿਵਿਆਂ ਦੀ ਲੋਅ ਮਾਏ

ਵੇਖ ਵੈਰੀਆਂ ਕੁਫ਼ਰ ਦੀ ਹੱਦ ਕੀਤੀ
ਸ਼ਰੇਆਮ ਅੱਜ ਇੱਜ਼ਤਾਂ ਵੰਗਾਰਦੇ ਨੇ
ਅਸੀਂ ਜਿੰਨਾਂ ਦੀ ਰਾਖੀ ਲਈ ਸਿਰ ਦਿੱਤੇ
ਪੱਗਾਂ ਸਿਰਾਂ ਤੋਂ ਅੱਜ ਉਤਾਰਦੇ ਨੇ

ਮੈਨੂੰ ਪਤਾ ਏ ਝੋਰਾ ਜੋ ਤੂੰ ਲਾਇਆ
ਫ਼ਿਕਰ ਵੱਢ ਕੇ ਤੈਨੂੰ ਜੋ ਖਾ ਰਿਹਾ ਏ
ਬੁੱਢੇ ਬਾਪੂ ਨੂੰ ਵੀ ਦੇਵੀਂ ਹੌਸਲਾ ਤੂੰ
ਪੁੱਤਰ ਛਮਾਂ ਤੋਂ ਸੜਨ ਲਈ ਜਾ ਰਿਹਾ ਏ

ਉਹਨਾਂ ਜੱਗ ਤੇ ਜਿਉਂਕੇ ਮਾਏ ਕੀ ਲੈਣਾ
ਮੁਕਾਮ ਮੌਤ ਤੋਂ ਪਰ੍ਹੇ ਜੋ ਮਿੱਥ ਲੈਂਦੇ
ਬਹਾਨੇ ਮਰਨ ਦੇ ਸੂਰਮੇ ਲੱਭਦੇ ਨੇ
ਹੋ ਜਾਂਦੇ ਸ਼ਹੀਦ ਤੇ ਅਮਰ ਰਹਿੰਦੇ

ਚਾਰੇ ਲਾਲ ਉਹਨੇ ਧਰਮ ਤੋਂ ਵਾਰ ਦਿੱਤੇ
ਤੂੰ ਵੀ ਕਰਦੇ ਅੱਜ ਇੱਕ ਅਹਿਸਾਨ ਮਾਏ
ਜੇ ਨਾਂ ਲੜਿਆ ਮੈਂ ਅਜੀਤ ਜੁਝਾਰ ਵਾਂਗੂ
ਬਾਜ਼ਾਂ ਵਾਲੇ ਦੀ ਕੀ ਸੰਤਾਨ ਮਾਏ

ਭਾਣੇ ਰੱਬ ਦੇ ਰਹਿਕੇ ਤੂੰ ਦਿਨ ਕੱਟੀਂ
ਕੱਚੇ ਕੋਠਿਆਂ ਦਾ ਪਾਵੀਂ ਨਾ ਵਾਸਤਾ ਤੂੰ
ਜੇ ਕਦੇ ਮਮਤਾ ਦੀ ਕਾਲਜੇ ਹੂਕ ਉਠੇ
ਸੁਣ ਲਈਂ ਮੰਨੂ ਦੀ ਜੇਲ੍ਹ ਦੀ ਦਾਸਤਾ ਤੂੰ

ਨਾਲ ਧਿਆਨ ਦੇ ਬਹਿਕੇ ਸੁਣ ਤਾਂ ਸਹੀ
ਵਾਜ਼ਾਂ ਮਾਰਦੀ ਸਰਹੰਦ ਦੀ ਕੰਧ ਮਾਏ

ਇਤਿਹਾਸ ਆਪਣਾ ਆਪ ਦੁਹਰਾਅ ਰਿਹਾ ਏ
ਤਵਾਰੀਖ਼ ਕਰਦੀ ਸਿਰਾਂ ਦੀ ਮੰਗ ਮਾਏ

ਕਰੀਂ ਅਰਦਾਸ ਨਿਸ਼ਾਨੇ ਨੂੰ ਸਰ ਕਰ ਲਾਂ
ਰੱਖ ਲਾਂ ਚੁੰਘੇ ਹੋਏ ਦੁੱਧ ਦੀ ਲਾਜ਼ ਮਾਏ
ਨਾਲ ਗੋਲੀਆਂ ਹਰਿਮੰਦਰ ਦੀ ਹਿੱਕ ਵਿੰਨੀ
ਮਾਰੀ ਕੌਮ ਨੇ ਤਾਹੀਓਂ ਅਵਾਜ਼ ਮਾਏ

ਫ਼ਤਹਿ ਆਖ਼ਰੀ ਅੱਜ ਪ੍ਰਵਾਨ ਕਰ ਲੈ
ਫੇਰ ਹੋਵੇ, ਨਾ ਹੋਵੇ ਕਿਤੇ ਮੇਲ ਮਾਤਾ
ਬਲਦਾ ਸੀਨੇ 'ਚ ਹੁਣ ਘਰ ਨਹੀਂ ਬਹਿਣ ਦਿੰਦਾ
ਦਿੱਲੀ ਪਾਇਆ ਜੋ ਟਾਇਰਾਂ ਤੇ ਤੇਲ ਮਾਤਾ

ਖ਼ੁਸ਼ੀਆਂ ਆਪਣੀਆਂ ਵਾਰ ਦੇ ਕੌਮ ਉੱਤੇ
ਚਾਅ ਦਿਲ ਦੇ ਰੇਤ ਵਾਂਗ ਭੋਰ ਦੇ ਅੱਜ
ਲਾੜੀ ਮੌਤ ਪਰਨਾਉਣ ਲਈ ਬੰਨ੍ਹ ਸਿਹਰੇ
ਪੁੱਤਰ ਆਪਣਾ ਹੱਸ ਕੇ ਤੋਰਦੇ ਅੱਜ

ਸੱਪਣੀ ਨਜ਼ਰ

ਕਿੰਨੀ ਦੂਰ ਤਖ਼ਤ ਤੇਰਾ ਸਮੇਂ ਦਿਆ ਹਾਕਮਾਂ ਵੇ
ਉਮਰ ਫ਼ਰਿਆਦੀਆਂ ਦੀ ਰਾਹਾਂ ਵਿੱਚ ਲੰਘ ਗਈ
ਸੱਪਨੀ ਨਜ਼ਰ ਤੇਰੇ ਸ਼ਹਿਰ ਦੇ ਬਸ਼ਿੰਦਿਆਂ ਦੀ
ਹਾਏ ! ਸਾਡੇ ਚਿਹਰੇ ਦਿਆਂ ਹਾਸਿਆਂ ਨੂੰ ਡੰਗ ਗਈ

ਵੇਖੇ ਸੀ ਜੋ ਅਸੀਂ ਉਹ ਕੌਮੀ ਅਰਮਾਨ ਸਾਰੇ
ਭੱਖਦੀ "ਚੁਰਾਸੀ" ਵਿੱਚ ਸ਼ੀਸ਼ੇ ਵਾਂਗ ਟੁੱਟ ਗਏ
"ਦਿਲ ਵਾਲੀ" ਦਿੱਲੀ ਵਿੱਚ ਆਬਰੂ ਦਫ਼ਨ ਹੋਈ
ਘਰ, ਕਾਰੋਬਾਰ "ਦੇਸ਼ ਭਗਤਾਂ" ਨੇ ਲੁੱਟ ਗਏ

ਭੱਜੇ ਸੀ ਪੰਜਾਬ ਮੂਹਰੇ ਬੈਠੇ ਸੀ ਸ਼ਿਕਾਰੀ ਇਥੇ
ਖ਼ੂਨ ਸਾਡਾ ਪੀਣ ਲਈ ਬੜੇ ਹੀ ਉਤਾਵਲੇ ਵੇ
ਪੁੱਛ ਨਾ ਤੂੰ ਫੇਰ ਕੀ-ਕੀ ਹੱਡਾਂ ਤੇ ਹੰਢਾਈ ਅਸੀਂ
ਕਿੰਨਾਂ ਚਿਰ ਹੁੰਦੇ ਰਹੇ ਝੂਠੇ ਜੇ ਮੁਕਾਬਲੇ ਵੇ

ਦਸ ਸਾਲ ਇਥੇ ਫੇਰ ਹੋਣੀ ਨੇ ਜੋ ਨਾਚ ਕੀਤਾ
ਪੁੱਛ ਨਾਂ ਤੂੰ ਸਾਡਿਆਂ ਭਰਾਵਾਂ ਤੇ ਕੀ ਗੁਜ਼ਰੀ
ਮਰੇ ਹੋਏ ਪੁੱਤਾਂ ਦੀਆਂ ਲਾਸ਼ਾਂ ਨਾ ਨਸੀਬ ਹੋਈਆਂ
ਪੁੱਛ ਨਾ ਤੂੰ ਫੇਰ ਉਹਨਾਂ ਮਾਵਾਂ ਤੇ ਕੀ ਗੁਜ਼ਰੀ

ਅਣਖੀ ਸੁਭਾਅ ਤੇ ਜਾਗਦੀ ਜ਼ਮੀਰ ਵਾਲਾ
ਹਰ ਇਨਸਾਨ ਨਦੀ ਨਾਲਿਆਂ 'ਚ ਰੁੜ੍ਹਿਆ
ਬਣਕੇ ਹਿਤੈਸ਼ੀ ਜਿਹੜਾ ਆਇਆ ਸੀ "ਵਕੀਲ" ਸਾਡਾ
ਗਿਆ ਲੱਭਣ ਲਾਵਾਰਿਸਾਂ ਨੂੰ ਉਹ ਵੀ ਨਹੀਓਂ ਮੁੜਿਆ

ਜ਼ੁਲਮੀ ਹਨੇਰੀ ਝੁੱਲੀ ਕੌਮ ਤੇ ਜੋ ਕਹਿਰ ਬਣ
ਤਖ਼ਤਾਂ ਦਿਆਂ ਵਾਰਸਾਂ ਦਾ ਤੋੜ ਅੰਗ-ਅੰਗ ਗਈ
ਵੇਖ ਕੇ ਜ਼ੁਲਮ ਤੇਰੇ ਸ਼ਹਿਰ ਦੇ ਕਰਿੰਦਿਆਂ ਦੇ
ਜਿਹੜੀ ਆਈ ਸੀ ਵਿਆਹੁਣ ਲਾੜੀ ਮੌਤ ਵੀ ਉਹ ਸੰਗ ਗਈ

ਕਿੰਨੀ ਦੂਰ ਤਖ਼ਤ ਤੇਰਾ ਸਮੇਂ ਦਿਆ ਹਾਕਮਾਂ ਵੇ
ਉਮਰ ਫ਼ਰਿਆਦੀਆਂ ਦੀ ਰਾਹਾਂ ਵਿੱਚ ਲੰਘ ਗਈ
ਸੱਪਨੀ ਨਜ਼ਰ ਤੇਰੇ ਸ਼ਹਿਰ ਦੇ ਬਸ਼ਿੰਦਿਆਂ ਦੀ
ਹਾਏ ! ਸਾਡੇ ਚਿਹਰੇ ਦਿਆਂ ਹਾਸਿਆਂ ਨੂੰ ਡੰਗ ਗਈ

ਅਹਿਦਨਾਮਾ

ਪਿਆਸੇ ਮੇਰੀ ਜਾਨ ਦੇ, ਜੋ ਦਿੰਦੇ ਨੇ ਦਿਲਾਸੇ ਅੱਜ
ਚਿਹਰਿਆਂ ਤੇ ਹਾਸੇ, ਪਰ ਦਿਲ ਦੇ ਮੱਕਾਰੀ ਨੇ
ਸੁੰਦਰ ਸਰੂਪ, ਪਰ ਅੰਦਰੋਂ ਕਰੂਪ ਹੁੰਦੇ
ਨਿਕਲਦੀ ਹੂਕ, ਜਦੋਂ ਕਰਦੇ ਗੱਦਾਰੀ ਨੇ

ਵਫ਼ਾਵਾਂ ਵਾਲੇ ਲੋਕ, ਜਦੋਂ ਕਰਦੇ ਜਫ਼ਾਵਾਂ
ਫਿਰ ਹੁੰਦੀਆਂ ਦੁਆਵਾਂ, ਇੱਕ ਉਹਦੇ ਦਰਬਾਰ ਤੇ
ਐਸਾ ਛੱਡਦੇ ਕੋਈ ਸ਼ੋਸ਼ਾ, ਆਉਂਦਾ ਦਿਲ ਨੂੰ ਏ ਰੋਸਾ
ਪਰ ਬੱਝਦਾ ਭਰੋਸਾ, ਉਦੋਂ ਸੱਚੀ ਸਰਕਾਰ ਤੇ

ਜੀਹਦੀ ਜਾਗਦੀ ਜ਼ਮੀਰ, ਹੱਥ ਫੜਿਆ ਸੀ ਤੀਰ
ਉਹ ਤਾਂ ਰੋਲ਼ਤਾ ਫ਼ਕੀਰ, ਇੰਨਾਂ ਪੰਥਕ ਗੱਦਾਰਾਂ ਨੇ
ਪਾਏ ਗਲਾਂ ਵਿਚ ਟਾਇਰ, ਜੰਮੇ ਹਿੰਦੂਵਾਦੀ ਡਾਇਰ
ਬਖ਼ਸ਼ ਲਏ ਕਾਇਰ, ਇਥੇ ਮੁਰਦਾ ਸਰਕਾਰਾਂ ਨੇ

ਕੈਸਾ ਦੇਸ਼ ਦਾ ਪ੍ਰੇਮ, ਕੈਸੀ ਖੇਡੀ ਇੰਨ੍ਹਾਂ ਗੇਮ
ਲੋਕੋ ਸ਼ੇਮ ਸ਼ੇਮ ਸ਼ੇਮ, ਆਉ ਜ਼ੁਲਮ ਆਪਾਂ ਠੱਲੀਏ
ਲਿਆਉ ਚੂਲੀ ਭਰਕੇ ਕੋਈ ਪਾਣੀ, ਸਾਰੀ ਉਲਝਗੀ ਏ ਤਾਣੀ
ਜਿਧਰ ਤੁਰ ਗਏ ਨੇ ਹਾਣੀ, ਅਸੀਂ ਉਸੇ ਰਾਹੇ ਚੱਲੀਏ

ਨਾਂ ਰੋਣ ਦੀ ਸ਼ਰਤ 'ਤੇ

ਹੋਣੀ

ਅੱਖਾਂ ਪਾੜ ਕੇ ਨਾਂ ਵੇਖ
ਕਿ ਮੈਂ ਕੀ ਕਰ ਰਿਹਾ ਹਾਂ
ਬੱਸ 'ਤਲਵਾਰ' ਦੇ ਸਹਾਰੇ
'ਤਕਦੀਰ' ਘੜ ਰਿਹਾ ਹਾਂ
ਹੈਰਾਨ ਪਰੇਸ਼ਾਨ ਹਾਂ ਮੈਂ, ਕਿਵੇਂ ਰਹੇ ਅਸੀਂ ਸੁੱਤੇ
ਸ਼ੇਰਾਂ ਨਾਲ ਹੋਏ ਧੋਖੇ, ਬਾਜ਼ੀ ਲੈ ਗਏ ਕੁੱਤੇ
ਜਗਾਇਆਂ ਨਾ ਜਾਗੇ ਧਮਾਕੇ ਤੋਂ ਉੱਠੇ
ਅਜ਼ਾਦ ਦੇਸ਼ ਦੇ ਥਾਣੇ 'ਚ ਲਟਕਦੇ ਸੀ ਪੁੱਠੇ
ਬਦਕਿਸਮਤਾਂ ਦੇ ਮੱਥੇ ਦੀਆਂ
ਲਕੀਰਾਂ ਪੜ੍ਹ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਸਮਾਂ ਚਲਾ ਗਿਆ ਸੀ ਕਿਥੇ ਤੋਂ ਕਿਥੇ
ਘੁੱਟ ਸਬਰ ਦਾ ਭਰਨਾ ਪੈਣਾ ਸੀ ਜਿਥੇ
ਸ਼ਾਂਤੀ ਤੇ ਹੱਕਾਂ ਦੀਆਂ ਮੁੱਕ ਗਈਆਂ ਬਾਤਾਂ
ਬੱਸ ਝੂਠੇ ਜੇ ਮੁਕਾਬਲੇ ਤੇ ਲਾਵਾਰਿਸ ਜੀਆਂ ਲਾਸ਼ਾਂ
ਤੇਰੇ ਸ਼ਹਿਰ ਦਾ ਬਸ਼ਿੰਦਾ ਹਾਂ
ਤਾਹੀਓਂ ਪਲ-ਪਲ ਮਰ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਗੁਰੂ ਬਾਬੇ ਦੇ ਦਰ ਤੇ ਜਦੋਂ ਟੈਂਕ ਆਣ ਖੜਗੇ
ਵੇਂਹਦਿਆਂ ਹੀ ਬਾਬੇ ਦੇ ਘਰ ਵਿੱਚ ਵੜਗੇ

ਬੜੇ ਬੰਬ ਡਿੱਗੇ, ਗੋਲੀਆਂ ਵੀ ਚੱਲੀਆਂ
ਗੰਗੂ ਦੀ ਧੀ ਕੋਲੇ ਖ਼ਬਰਾਂ ਵੀ ਘੱਲੀਆਂ
ਤਾਹੀਓਂ ਤਾਂ ਸੀਸ ਦੇ ਕੇ
ਮੈਂ ਫ਼ੀਸ ਭਰ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਪੰਜਾਂ ਕੁ ਮਹੀਨਿਆਂ ਬਾਅਦ ਰੌਲਾ ਜਾ ਪੈ ਗਿਆ
ਹਰਿਮੰਦਰ ਤੇ ਹਮਲੇ ਦਾ ਬਦਲਾ ਕੋਈ ਲੈ ਗਿਆ
"ਸਫਦਰਜੰਗ ਰੋਡ" ਤੇ ਬੀਬੀ ਸੀ ਮਰਗੀ
ਮਰਦੀ-ਮਰਦੀ ਪੁਆੜਾ ਇੱਕ ਖੜ੍ਹਾ ਹੋਰ ਕਰਗੀ
ਗੱਲ ਪਾ ਕੇ ਟਾਇਰ ਜੋ
ਜਿੰਦਾ ਸੜ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਲਾਡੋ ਭੈਣ ਮੇਰੀ ਸੀ, ਗੁੰਮ ਹੋਈ ਉਸ ਦਿਨ
ਨਾ ਮਾਰੋ ਜ਼ਾਲਮੋਂ, ਮਾਂ ਧਾਹੀਂ ਰੋਈ ਉਸ ਦਿਨ
ਦਾੜ੍ਹੀ ਕੇਸ ਬਾਪੂ ਦੇ
ਕੱਟ ਲਏ ਦੇਸ਼ ਵਾਸੀਆਂ
ਸਭ ਨਾਨੇ, ਮਾਮੇ, ਮਾਰਤੇ
ਨਾਲੇ ਚਾਚੇ, ਭੂਆ, ਮਾਸੀਆਂ
ਆਨੰਦਪੁਰ ਦੇ ਪਰਿਵਾਰ ਨਾਲ
ਸਾਂਝ ਨਵੀਂ ਮੜ੍ਹ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਜਾਨ ਦਿੱਲੀਓਂ ਬਚਾਕੇ ਸੀ ਪੰਜਾਬ ਵੱਲ ਭੱਜਿਆ
ਮਾਤ ਭੂਮੀ ਆ ਕੇ ਇੱਕ ਝਟਕਾ ਜਾ ਲੱਗਿਆ

ਖਾਖੀ ਵਰਦੀ ਵਾਲੇ ਉਦੋਂ ਹਲਕੇ ਵੇਖ ਮੈਨੂੰ
ਫਿਰ ਮੇਰੇ ਤੇ ਕੀ ਬੀਤੀ ਕੀ ਦੱਸਾਂ ਮੈਂ ਤੈਨੂੰ
ਇਹ ਸ਼ੌਂਕ ਨਹੀਂ ਮੇਰਾ
ਹੱਥ A.K. ਫੜ੍ਹ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਰਾਜ ਖੁਹਾਇਆ, ਹਰਿਮੰਦਰ ਢੁਹਾਇਆ
ਪਰਿਵਾਰ ਮਰਵਾਇਆ, ਘਰ-ਬਾਰ ਲੁਟਾਇਆ
ਗਾਂਧੀ ਦਿਆਂ ਵਾਰਸਾਂ ਤੋਂ ਇੱਜ਼ਤਾਂ ਲੁਟਵਾਈਆਂ
ਥਾਣਿਆਂ 'ਚ ਜਾ ਕੇ ਖੱਲਾਂ ਵੀ ਲੁਹਾਈਆਂ
ਨਾਂ ਵੀ ਅੱਜ ਤੋਂ ਆਪਣਾ
ਅੱਤਵਾਦੀ ਧਰ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਜ਼ਰਾਇਮ ਪੇਸ਼ਾ ਕੌਮ ਹਾਂ ਮੈਂ ਤੇ ਮੇਰੇ ਪੁਰਖੇ
ਵੈਰੀ ਲੰਡਨ ਜਾ ਕੇ ਸੋਧੇ, ਅਸੀਂ ਕੱਤੇ ਨਹੀ ਚਰਖੇ
ਮੋੜਾਂਗੇ ਯਾਰੋ ਭਾਜੀਆਂ ਹੁਣ ਦੂਣ ਸਵਾਈਆਂ
ਮਰਦ ਦੇ ਹਾਂ ਪੁੱਤਰ ਚੂੜੀਆਂ ਨਹੀਂ ਪਾਈਆਂ
ਅੱਜ ਤੋਂ ਬਾਗ਼ੀ ਹੋਣ ਦਾ
ਮੈਂ ਐਲਾਨ ਕਰ ਰਿਹਾ ਹਾਂ
ਇਹ ਤਾਂ ਹੋਣੀ ਹੈ ਮੇਰੀ
ਜੋ ਬਿਆਨ ਕਰ ਰਿਹਾ ਹਾਂ

ਸਮਝੌਤਾ

ਸਾਡੀਆਂ ਦੁਨਾਲੀਆਂ ਦੀ,
A.K. 47 ਆਂ ਦੀ
ਖੁੱਲ੍ਹ ਜੇ ਨਾਂ ਫੇਰ ਕਿਤੇ ਸੰਗ ਨੀ
ਜਾਣ ਨਾ ਉੱਜੜ ਕਿਤੇ, ਸੁਹਾਗ ਨੀ ਸੁਹਾਗਣਾਂ ਦੇ
ਸੂਹੀ ਚੁੰਨੀ ਦਾ ਨਾਂ, ਹੋ ਜੇ ਬੱਗਾ ਰੰਗ ਨੀ
ਲੈਣਾ ਅਸੀਂ ਰਾਜ, ਸਾਨੂੰ ਦੱਸ ਦੇ ਤੂੰ ਕਿਵੇਂ ਦੇਣਾਂ
ਗੱਲਾਂ ਦਿਲ ਦੀਆਂ ਖੋਲ੍ਹਕੇ ਸੁਣਾ
ਜ਼ਿਦ ਨਹੀਂ ਕਰੀਦੀ ਐਵੇਂ, ਖੇਡੀਦਾ ਨਹੀਂ ਸੱਪਾਂ ਨਾਲ
ਮੇਰੇ ਹੱਕ ਮੈਨੂੰ ਤੂੰ ਫੜਾ,
ਸਾਡੀਆਂ ਦੁਨਾਲੀਆਂ ਦੀ
A.K. 47 ਆਂ ਦੀ

ਭੁੱਲ ਤਾਂ ਨਹੀਂ ਗਈ ਕਿਤੇ
ਬਘੇਲ ਸਿੰਘ ਬਾਬੇ ਤਾਈਂ
ਜਿਹਨੇ ਪੰਦਰਾਂ ਵਾਰੀ ਸੀ ਤੈਨੂੰ ਜਿੱਤਿਆ
ਹਰ ਵਾਰੀ ਸ਼ੋਭਦੇ ਨਹੀਂ
ਧੱਕੇ ਨਾਲ ਖੋਂਹਦੇ ਤੈਨੂੰ
ਅਤੀਤ ਤੋਂ ਤੂੰ ਲਈਂ ਕੁਝ ਸਿੱਖਿਆ
ਕਾਹਨੂੰ ਮਰਵਾਵੇਂ ਤੂੰ
ਅਜਾਈਂ ਪੁੱਤ ਮਾਵਾਂ ਦੇ ਨੀਂ
ਖ਼ੂਨ ਪਹਿਲਾਂ ਡੁੱਲ੍ਹਿਆ ਬੜਾ
ਜ਼ਿਦ ਨਹੀਂ ਕਰੀਦੀ ਐਵੇਂ, ਖੇਡੀਦਾ ਨਹੀਂ ਸੱਪਾਂ ਨਾਲ
ਮੇਰੇ ਹੱਕ ਮੈਨੂੰ ਤੂੰ ਫੜਾ,
ਸਾਡੀਆਂ ਦੁਨਾਲੀਆਂ ਦੀ, A.K. 47 ਆਂ ਦੀ

ਪਿੰਡਾਂ ਵਿੱਚੋਂ ਤੁਰ ਪਏ
ਜੇ ਪੁੱਤ ਨੀ ਬਹਾਦਰਾਂ ਦੇ
ਫਿਰ ਰੋਕਣ ਵਾਲਾ ਨਹੀਂ ਕੋਈ ਜੰਮਿਆ
ਪਤਾ ਨਹੀਂ ਕਿਥੋਂ ਤੱਕ
ਕੇਸਰੀ ਨੇ ਝੁੱਲ ਜਾਣਾ
ਕਾਫ਼ਲਾ ਨਹੀਂ ਜਾਣਾ ਫੇਰ ਥੰਮਿਆ
ਬਹੁਤੀ ਨਹੀਓਂ ਇੱਛਾ ਹੁਣ,
ਚਾਹਤ ਹੈ ਤੇਰੀ ਬੱਸ
ਕੀ ਇਹਨਾਂ ਗੱਲਾਂ 'ਚ ਪਿਆ
ਜ਼ਿਦ ਨਹੀਂ ਕਰੀਦੀ ਐਵੇਂ,
ਖੇਡੀਦਾ ਨਹੀਂ ਸੱਪਾਂ ਨਾਲ
ਮੇਰੇ ਹੱਕ ਮੈਨੂੰ ਤੂੰ ਫੜਾ,
ਸਾਡੀਆਂ ਦੁਨਾਲੀਆਂ ਦੀ, A.K. 47 ਆਂ ਦੀ

ਤੈਨੂੰ ਸਮਝਾਉਣਾ ਮੇਰਾ ਫ਼ਰਜ਼ ਸੀ "ਦਿੱਲੀਏ" ਨੀਂ
ਕਰੀਂ ਸਮਝੌਤਾ ਮਨਜੂਰ ਨੀਂ
'ਚੀਨ' ਤੇ 'ਕੰਧਾਰ' ਤੱਕ ਜਿੱਤ ਕੇ ਮੈਂ ਛੱਡ ਆਇਆਂ
ਮੇਰੇ ਕੋਲੋਂ ਤੂੰ ਵੀ ਬਹੁਤੀ ਦੂਰ ਨੀਂ
ਜ਼ਖ਼ਮ ਤੂੰ ਦਿੱਤੇ ਬੜੇ, ਪਰ ਕਰ ਦਿੱਤਾ ਮੁਆਫ਼ ਤੈਨੂੰ
"ਪੰਜਾਬ" ਦਾ ਵੀ ਵੇਖ ਜਿਗਰਾ
ਜ਼ਿਦ ਨਹੀਂ ਕਰੀਦੀ ਐਵੇਂ,
ਖੇਡੀਦਾ ਨਹੀਂ ਸੱਪਾਂ ਨਾਲ
ਮੇਰੇ ਹੱਕ ਮੈਨੂੰ ਤੂੰ ਫੜਾ,
ਸਾਡੀਆਂ ਦੁਨਾਲੀਆਂ ਦੀ, A.K. 47 ਆਂ ਦੀ

ਕੌਣ

ਚਿੱਤ ਕਰੇ ਮੋਏ ਹੋਏ ਮਿੱਤਰਾਂ ਨੂੰ ਬਾਹੋਂ ਫੜ
ਸਿਵਿਆਂ 'ਚੋਂ ਲਵਾਂ ਮੈਂ ਉਠਾਅ
ਦਿਲੋਂ ਸੀ ਕਮੀਨੀ ਜਿਹੜੀ,
ਕਿਹੜੀ ਸੀ ਕੁਪੱਤੀ ਨਾਰ
ਕੀਹਨੇ ਸਾਡੇ ਲੁੱਟ ਲਏ ਨੇ ਚਾਅ

ਨਾਨਕ ਦੇ ਘਰ ਉੱਤੇ ਹੱਲਾ ਜ਼ੀਹਨੇ ਬੋਲਿਆ ਸੀ
ਸਮਝਿਆ ਸੀ ਬਾਰਡਰ ਉਸ ਦਰ ਨੂੰ
ਹਿੰਦ ਦੀ ਉਹ ਰਾਣੀ ਕਿਹੜੀ,
ਜਿੰਦ ਨੂੰ ਗਵਾਇਆ ਜੀਹਨੇ
ਮੈਦਾਨ ਜੰਗ ਦਾ ਬਣਾਇਆ ਗੁਰੂ ਘਰ ਨੂੰ
ਗੰਗੂ ਦੀ ਔਲਾਦ,
ਟਕਰਾਈ ਜੋ ਫ਼ੌਲਾਦ ਨਾਲ
ਪਾਣੀਆਂ ਨੂੰ ਲਾਂਬੂ ਗਈ ਲਾ
ਚਿੱਤ ਕਰੇ ਮੋਏ ਹੋਏ ਮਿੱਤਰਾਂ ਨੂੰ ਬਾਹੋਂ ਫੜ
ਸਿਵਿਆਂ 'ਚੋਂ ਲਵਾਂ ਮੈਂ ਉਠਾਅ
ਦਿਲੋਂ ਸੀ ਕਮੀਨੀ ਜਿਹੜੀ,
ਕਿਹੜੀ ਸੀ ਕੁਪੱਤੀ ਨਾਰ
ਕੀਹਨੇ ਸਾਡੇ ਲੁੱਟ ਲਏ ਨੇ ਚਾਅ

ਜਿਉਂਦੀ ਜਦੋਂ ਤਖ਼ਤ ਛਾਏ,
ਮਰਕੇ ਗਲੀਂ ਟਾਇਰ ਪਾਏ
ਨ੍ਹੇਰੀ ਝੁੱਲੀ ਕੌਮ ਉੱਤੇ ਕਹਿਰ ਦੀ
ਆਲ੍ਹਣੇ 'ਚੋ ਕੱਢ ਪੰਛੀ,

ਵੱਢ-ਵੱਢ ਮਾਰ ਦਿੱਤੇ
ਕਿਹੜੀ ਐ ਜੋ ਬਣੀ ਭੈਣ ਡਾਇਰ ਦੀ
ਮਾਰੀ ਜਦੋਂ ਡੈਣ,
ਆ ਗਿਆ ਚੈਨ ਹਨੇਰੀਆਂ ਨੂੰ
ਪਰ ਆਲਣੇ 'ਚ ਕੱਖ ਨਾ ਰਿਹਾ
ਚਿੱਤ ਕਰੇ ਮੋਏ ਹੋਏ ਮਿੱਤਰਾਂ ਨੂੰ ਬਾਹੋਂ ਫੜ
ਸਿਵਿਆਂ 'ਚੋਂ ਲਵਾਂ ਮੈਂ ਉਠਾਅ
ਦਿਲੋਂ ਸੀ ਕਮੀਨੀ ਜਿਹੜੀ,
ਕਿਹੜੀ ਸੀ ਕੁਪੱਤੀ ਨਾਰ
ਕੀਹਨੇ ਸਾਡੇ ਲੁੱਟ ਲਏ ਨੇ ਚਾਅ

ਕੀਹਦਾ ਇਹ ਲਾਲ, ਜਿਹੜਾ ਖੇਡਦਾ ਸਰਾਲ ਨਾਲ
"ਕਾਤਿਲਾਂ ਦੀ ਕੌਮ" ਕਹਿ ਪੁਕਾਰਦਾ
"ਖ਼ੂਨ ਬਦਲੇ ਖ਼ੂਨ", ਕਹਿੰਦਾ ਬਹਿਣਾ ਨਹੀਂ ਸਕੂਨ ਨਾਲ
ਕੌਣ ਮੌਤ ਨੂੰ ਅਵਾਜ਼ਾਂ ਪਿਆ ਮਾਰਦਾ
ਕੌਣ ਇਹ ਕੁਰੱਖ਼ਤ,
ਦਰੱਖ਼ਤ ਡਿੱਗੇ ਤੋਂ ਸਮਝਦਾ ਨਹੀਂ
ਰਿਹਾ ਹੈ ਜੋ "ਧਰਤੀ ਹਿਲਾ"
ਚਿੱਤ ਕਰੇ ਮੋਏ ਹੋਏ ਮਿੱਤਰਾਂ ਨੂੰ ਬਾਹੋਂ ਫੜ
ਸਿਵਿਆਂ 'ਚੋਂ ਲਵਾਂ ਮੈਂ ਉਠਾਅ
ਦਿਲੋਂ ਸੀ ਕਮੀਨੀ ਜਿਹੜੀ,
ਕਿਹੜੀ ਸੀ ਕੁਪੱਤੀ ਨਾਰ
ਕੀਹਨੇ ਸਾਡੇ ਲੁੱਟ ਲਏ ਨੇ ਚਾਅ

ਕੌਣ ਇਹ 'ਮਰਦ' ਜਿਹੜਾ ਬੋਲਦਾ ਜਰਦ ਰੁੱਤੇ
ਬੋਲ ਇੱਕ-ਇੱਕ ਸੀਨਾ ਜਾਵੇ ਵਿੰਨ੍ਹਦਾ
ਸੁੰਦਰ ਸਰੂਪ ਨੀਂ, ਅਨੂਪ ਰੂਪ ਜਾਪੇ ਇਹਦਾ
ਤੀਰ ਜਦੋਂ ਦਿੱਲੀ ਵੱਲ ਸਿੰਨ੍ਹਦਾ

ਕੌਣ ਹੈ ਫ਼ਕੀਰ ਨੀਂ ਇਹ,
ਜਾਗਦੀ ਜ਼ਮੀਰ ਵਾਲਾ
ਫਿਰੇ ਪਤੰਗਿਆਂ ਦਾ ਲਈ ਕਾਫ਼ਲਾ
ਥਰ-ਥਰ ਕੰਬੇ ਦਿੱਲੀ,
ਬਿੱਲੀ ਵਾਂਗੂੰ ਡਰੇ ਇਹਤੋਂ
ਗਿਆ ਸ਼ੇਰ ਸਾਡੇ ਵਿਹੜੇ ਵਿੱਚ ਆ
ਚਿੱਤ ਕਰੇ ਮੋਏ ਹੋਏ ਮਿੱਤਰਾਂ ਨੂੰ ਬਾਹੋਂ ਫੜ
ਸਿਵਿਆਂ 'ਚੋਂ ਲਵਾਂ ਮੈਂ ਉਠਾਅ
ਦਿਲੋਂ ਸੀ ਕਮੀਨੀ ਜਿਹੜੀ,
ਕਿਹੜੀ ਸੀ ਕੁਪੱਤੀ ਨਾਰ
ਕੀਹਨੇ ਸਾਡੇ ਲੁੱਟ ਲਏ ਨੇ ਚਾਅ

ਖ਼ਾਲਿਸਤਾਨ

ਹਿੰਦੁਸਤਾਨੀ ਏਜੰਸੀਓ
ਘਬਰਾਓ ਨਾ
ਖ਼ਾਲਿਸਤਾਨ ਸਾਡਾ ਸੁਪਨਾ ਨਹੀਂ
ਨਾ.....ਬਿਲਕੁਲ ਨਹੀਂ
ਸੁਪਨੇ ਤਾਂ ਸੁੱਤਿਆਂ ਨੂੰ ਆਉਂਦੇ ਨੇ
ਤੇ ਅਸੀਂ
ਸੁੱਤੇ ਨਹੀਂ, ਸਾਉਣਾ ਚਾਹੁੰਦੇ ਵੀ ਨਹੀਂ
ਮਸਾਂ ਤਾਂ ਜਾਗੇ ਆਂ
ਤੇ ਜਾਗਣ ਵਾਲਿਆਂ ਨੇ
ਰੱਜ ਕੇ ਲੁੱਟਿਆ
ਬੇਤਹਾਸਾ ਕੁੱਟਿਆ
ਤੇ ਸਾਡੇ ਵਿੱਚੋਂ
ਕੋਈ ਜ਼ਿੰਦਾ ਜ਼ਮੀਰ ਕੁਰਲਾ ਉੱਠਿਆ
"ਸੁਣ ਐ ਤਖ਼ਤਾਂ ਵਾਲਿਆ, ਅਸੀਂ ਸਹਿ ਨਾ ਸਕੀਏ ਹੋਰ"
"ਬਾਰ ਪਰਾਏ ਮਾਲਕਾ, ਅਸੀਂ ਬਹਿ ਨਾ ਸਕੀਏ ਹੋਰ"
ਸੱਚਮੁੱਚ
ਲਾਲੀ ਅੱਖੀਆਂ ਦੀ ਪਈ ਦੱਸਦੀ ਐ
ਰੋਏ ਤੁਸੀਂ ਵੀ ਓ, ਤੇ ਰੋਏ ਅਸੀਂ ਵੀ ਆਂ
ਜਾਗਣ ਵਾਲਿਆਂ ਨੇ ਰੱਜ ਕੇ ਲੁੱਟਿਆ ਏ
ਸੋਏ ਤੁਸੀਂ ਵੀ ਓ, ਤੇ ਸੋਏ ਅਸੀਂ ਵੀ ਆਂ
ਮੂੰਹੋਂ ਨਾਂ ਕਹੀਏ ਭਾਵੇਂ ਪਰ ਵਿੱਚੋ ਵਿੱਚੀ
ਖੋਏ ਤੁਸੀਂ ਵੀ ਓ, ਤੇ ਖੋਏ ਅਸੀਂ ਵੀ ਆਂ
ਕੁਝ ਉਮੀਦ ਹੈ ਜ਼ਿੰਦਗੀ ਮਿਲ ਜਾਵੇ
ਮੋਏ ਤੁਸੀਂ ਵੀ ਓ, ਤੇ ਮੋਏ ਅਸੀਂ ਵੀ ਆਂ

ਤੇ ਸਾਨੂੰ ਜ਼ਿੰਦਗੀ
ਕਿਸੇ ਬੋਫੋਰਜ਼ ਘੁਟਾਲੇ
ਜਾਂ ਖੱਫ਼ਣਾਂ ਦੇ ਵਪਾਰ 'ਚੋਂ ਨਹੀਂ ਮਿਲਦੀ
ਸਾਡੀ ਜਿੰਦ ਸਾਡੀ ਜਾਨ
ਬੱਸ ਖਾਲਿਸਤਾਨ.....ਖਾਲਿਸਤਾਨ
ਇਹ ਤਾਂ ਉਹ ਲਮਹਾ ਹੈ ਜੋ ਖ਼ਤਮ ਨਹੀਂ ਹੁੰਦਾ
ਮੈਂ ਲੱਖ ਮਚਾ ਥਕਿਆਂ, ਪਰ ਇਹ ਭਸਮ ਨਹੀਂ ਹੁੰਦਾ

ਨਾਂ ਬਦਲੀ ਨੋਟਿਸ

ਮੈਂ ਪੰਜਾਬ
ਪੁੱਤਰ ਸ੍ਰੀ ਪੰਜ-ਆਬ
ਪੋਤਰਾ ਸ੍ਰੀ ਮਹਾਂ-ਪੰਜਾਬ
ਸ਼ੇਰੇ ਪੰਜਾਬ ਦੀਆਂ ਦਿਲੀ ਤਾਘਾਂ ਨੂੰ ਮੱਦੇਨਜ਼ਰ ਰੱਖਦਿਆਂ
ਨਲੂਏ ਜਰਨੈਲ ਦੀ ਧਾਂਕ ਨੂੰ ਪਹਿਚਾਣਦੇ ਹੋਏ
ਅਟਾਰੀ ਵਾਲੇ ਸਰਦਾਰ ਦੀ ਆਖ਼ਰੀ ਇੱਛਾ ਨੂੰ ਯਾਦ ਕਰਦਿਆਂ
ਜੋ ਮੇਰੀਆਂ ਹੱਦਾਂ ਇੱਕ ਨਿੱਕੇ ਜਿਹੇ ਪਿੰਡ ਤੋਂ ਲੈ ਕੇ
ਚੀਨ ਤੇ ਕਾਬੁਲ ਦੀਆਂ ਬਰੂਹਾਂ ਤੱਕ ਸਨ
ਉਹਨਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਹੋਇਆਂ
ਇੰਗਲੈਂਡ ਵਾਲੀ ਰਾਣੀ ਦੇ ਲਾਕਰ ਵਿੱਚ ਪਏ
'ਕੋਹਿਨੂਰ' ਦੇ ਭਵਿੱਖ ਤੋਂ ਚਿੰਤਤ
ਜੋ ਕਦੇ ਮੇਰੇ ਸ਼ੇਰ ਦੇ ਤਾਜ਼ ਦਾ ਸ਼ਿੰਗਾਰ ਸੀ
ਆਪਣੇ ਲੱਖਾਂ ਪੁੱਤਰਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ
ਆਪਣੀ ਹਿੱਕ ਤੇ 1984 ਵਿੱਚ ਡਿੱਗੇ
ਬੰਬਾਂ ਦੀ ਗੜਗੜਾਹਟ ਨੂੰ ਸੁਣਦਿਆਂ
ਉਹ ਦਿੱਲੀ ਜਿਸਦੀ ਫ਼ਿਜ਼ਾ ਵਿੱਚ ਮੇਰੇ ਸ਼ੇਰ ਦੀ ਆਗਿਆ ਤੋਂ ਬਿਨਾਂ
ਪਰਿੰਦਾ ਵੀ ਪਰ ਨਹੀਂ ਸੀ ਮਾਰਦਾ
ਉਸੇ ਦਿੱਲੀ ਵਿੱਚ
ਆਪਣੇ ਪੁੱਤਰਾਂ ਦੇ ਗਲਾਂ ਵਿੱਚ ਪਾਏ
ਮੱਚਦੇ ਹੋਏ ਟਾਇਰਾਂ ਨੂੰ ਲੱਗੀ ਅੱਗ ਦੇ
ਸੇਕ ਨੂੰ ਮਹਿਸੂਸ ਕਰਦਿਆਂ
ਆਪਣੇ ਹਜ਼ਾਰਾਂ ਹਥਿਆਰਬੰਦ ਪੁੱਤਰਾਂ ਦੀ
ਰਾਜਸ਼ੀ ਇੱਛਾ ਬਾਰੇ ਸੋਚਦਿਆਂ
ਨਹਿਰਾਂ, ਬੇਲਿਆਂ, ਰੋਹੀਆਂ, ਚਰੀਆਂ, ਕਮਾਦਾਂ ਦਾ

ਸ਼ਿੰਗਾਰ ਬਣੀਆਂ ਲਾਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ
ਇਨਸਾਫ਼ ਦੀ ਆਸ ਵਿੱਚ ਸੁੱਕ ਚੁੱਕੀਆਂ ਹਜ਼ਾਰਾਂ ਅੱਖਾਂ
ਤੇ ਉਹਨਾਂ ਦੀ ਉਜੜੇ ਘਰਾਂ ਵਿੱਚ ਵਾਪਸੀ ਦੇ ਮੱਦੇਨਜ਼ਰ
ਅੱਜ ਤੋਂ ਦੋ ਕੁ ਸੌ ਸਾਲ ਪਹਿਲਾਂ
ਸ੍ਰੀ ਕੰਧਾਰ
ਪੁੱਤਰ ਸੀ ਕਾਬਲ
ਪੋਤਰਾ ਸ੍ਰੀ ਅਫ਼ਗਾਨਿਸਤਾਨ ਨਾਲ
ਦਰ੍ਹਾ-ਖੈਬਰ ਦੀਆਂ ਪਹਾੜੀਆਂ ਵਿੱਚ ਲਗਾਈ ਹੋਈ
ਉਸ ਸ਼ਰਤ ਕਿ ਮੇਰੇ ਪੁੱਤਰਾਂ ਨੂੰ
ਦੁਨੀਆਂ ਦੀ ਕੋਈ ਤਾਕਤ ਜ਼ਲੀਲ ਨਹੀਂ ਕਰ ਸਕਦੀ
ਜੇ ਅਜਿਹਾ ਹੋਇਆ ਤਾਂ ਮੇਰਾ ਨਾਂ ਵਟਾ ਦਿਉ
ਇਸ ਲਈ
ਲੋਕਾਂ ਨਾਲ ਭਰੇ ਜਹਾਨ ਵਿੱਚ,
ਸੱਚੋ ਸੱਚ ਅਮਾਨ ਵਿੱਚ
ਅੱਜ ਮੈਂ ਹਲਫ਼ ਨਾਲ
ਆਪਣੀ ਨਾਂ ਬਦਲੀ ਦਾ ਨੋਟਿਸ ਜਾਰੀ ਕਰਦਾ ਹਾਂ
ਅੱਜ ਤੋਂ ਮੈਂ ਆਪਣਾ ਨਾਂ
"ਖਾਲਿਸਤਾਨ" ਰੱਖ ਲਿਆ ਹੈ
ਹਰਿਆਣਾ ਤੇ ਦਿੱਲੀ ਨੋਟ ਕਰਨ!

ਅੰਤਿਮ ਯਾਤਰਾ

ਰੋਵੋ ਨਾ ਨੀਂ ਸਹੀਓ ਅੱਜ
ਵੇਖ ਮੇਰੀ ਅਰਥੀ ਨੂੰ
ਕੋਈ ਕਹਿ ਨਾਂ ਦੇਵੇ ਥੋਨੂੰ ਕਮਜ਼ੋਰ ਨੀਂ
ਝਾਂਸੀ ਦੀਆਂ ਭੈਣਾਂ,
ਮਾਈ ਭਾਗੋ ਦੀਆਂ ਵਾਰਸਾਂ ਓ
ਲੱਭ ਜਾਣੇ "ਸੁੱਖ" ਕਈ ਹੋਰ ਨੀਂ
ਬੁਜ਼ਦਿਲਾਂ, ਮੱਕਾਰਾਂ ਤੇ ਗੱਦਾਰਾਂ ਵਾਲੀ ਹਿੱਕ ਉੱਤੇ
ਅੱਜ ਮੇਰਾ ਬਾਲੋ ਨੀਂ ਸਿਵਾ
ਮਾੜੀ-ਮਾੜੀ ਗੱਲ ਤੇ
ਡੁਲਾਈ ਦਾ ਨਹੀਂ ਚਿੱਤ ਐਵੇਂ
ਮੈਨੂੰ ਹੱਸ-ਹੱਸ ਕਰੋ ਨੀਂ ਵਿਦਾ
ਰੋਵੋ ਨਾ ਨੀਂ ਸਹੀਓ ਅੱਜ
ਵੇਖ ਮੇਰੀ ਅਰਥੀ ਨੂੰ

ਮੇਰੇ ਵੀਰ ਕਾਹਤੋਂ ਅੱਜ
ਬੈਠਾ ਹੈਂ ਉਦਾਸ ਚਿੱਤ
ਅੱਖੀਆਂ 'ਚੋਂ ਅੱਥਰੂ ਵਹਾਉਂਦਾ ਤੂੰ
ਕਿਹੜੀ ਗੱਲੋਂ ਡੋਲ ਗਿਆਂ,
ਨਲੂਏ ਦੇ ਜ਼ਾਨਸ਼ੀਨਾਂ
ਮੋਇਆਂ ਨਾਲ ਯਾਰੀਆਂ ਪੁਗਾਉਂਦਾ ਤੂੰ
ਬਾਪੂ ਵਾਲੀ ਪੱਗ ਸਾਂਭ,
ਚੁੰਨੀ ਚੁੱਕ ਭੈਣ ਵਾਲੀ
ਨਾਲੇ ਕੌਮ ਵਾਲੀ ਇੱਜ਼ਤ ਬਚਾ
ਮਾੜੀ-ਮਾੜੀ ਗੱਲ ਤੇ

ਭੁਲਾਈ ਦਾ ਨਹੀਂ ਚਿੱਤ ਐਵੇਂ
ਮੈਨੂੰ ਹੱਸ-ਹੱਸ ਕਰ ਦੇ ਵਿਦਾ
ਰੋ ਨਾਂ ਉਏ ਵੀਰਾ ਅੱਜ
ਵੇਖ ਮੇਰੀ ਅਰਥੀ ਨੂੰ

ਛੱਡਦੇ ਫ਼ਿਕਰ ਐਵੇਂ
ਮੋਏ ਹੋਏ ਮਿੱਤਰਾਂ ਦਾ
ਜਿਉਂਦਿਆਂ ਦੀ ਜਾ ਕੇ ਲਈਂ ਸਾਰ ਤੂੰ
ਪੁੱਤ ਜੀਹਦਾ ਮਾਰਿਆ ਸੀ
ਮੁਕਾਬਲੇ 'ਚ ਪੁਲਸੀਆਂ ਨੇ
ਬੁੱਢੀ ਮਾਂ ਦਾ ਪੁੱਛੀਂ ਜਾ ਕੇ ਹਾਲ ਤੂੰ
ਰੱਖੜੀ ਬਨ੍ਹਾ ਲਈਂ ਨਾਲੇ
ਲਾਡੋ ਭੈਣ ਕੋਲੋਂ ਜਾ ਕੇ
ਨਾਲੇ ਪੁੱਛੀਂ ਕੀਹਨੇ ਲੁੱਟ ਲਏ ਨੇ ਚਾਅ
ਮਾੜੀ-ਮਾੜੀ ਗੱਲ ਤੇ ਭੁਲਾਈ ਦਾ ਨਹੀਂ ਚਿੱਤ ਐਵੇਂ
ਮੈਨੂੰ ਹੱਸ-ਹੱਸ ਕਰ ਦੇ ਵਿਦਾ
ਰੋ ਨਾਂ ਉਏ ਵੀਰਾ ਅੱਜ
ਵੇਖ ਮੇਰੀ ਅਰਥੀ ਨੂੰ

ਦਿੱਲੀ ਨੂੰ—1

ਮੁੱਦਤਾਂ ਬਾਅਦ ਕੀਤਾ ਮੈਂ ਦੀਦਾਰ ਤੇਰੇ ਸ਼ਹਿਰ ਦਾ
ਭੁੱਲਦਾ ਨਹੀਂ ਦਿੱਤਾ ਜੋ ਪਿਆਰ ਤੇਰੇ ਸ਼ਹਿਰ ਦਾ
ਗ਼ਲਤ ਹਰਫ਼ ਵਾਂਗੂ ਮਿਟ ਗਿਆ, ਦੇ ਗਿਆ ਧੋਖਾ ਕੌਮ ਨੂੰ
ਸੰਤਾਲੀ ਵੇਲੇ ਕੀਤਾ ਹਰ, ਇਕਰਾਰ ਤੇਰੇ ਸ਼ਹਿਰ ਦਾ
'ਹਿਟਲਰ ਦੀ ਭੈਣ' ਦੀ ਮੌਤ ਤੇ, ਤੂੰ ਐਨਾ ਦੁੱਖੀ ਹੋ ਗਿਆ
ਰਾਤੋ-ਰਾਤ ਹੀ ਬਦਲ ਗਿਆ, ਵਿਹਾਰ ਤੇਰੇ ਸ਼ਹਿਰ ਦਾ
ਅਬਲਾ ਦੀਆਂ ਇੱਜ਼ਤਾਂ ਲੁੱਟੀਆਂ, ਬੱਚਿਆਂ ਨੂੰ ਕੋਹ-ਕੋਹ ਮਾਰਿਆ
ਤੜਪ-ਤੜਪ ਕੇ ਮਰ ਗਿਆ, ਹਰ ਸਰਦਾਰ ਤੇਰੇ ਸ਼ਹਿਰ ਦਾ
ਜਿਥੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ, ਟਾਇਰ ਪਾ ਕੇ ਸਾੜਿਆ
ਕੌਣ ਮੂਰਖ ਕਰੇ ਹੁਣ ਦੱਸ, ਇਤਬਾਰ ਤੇਰੇ ਸ਼ਹਿਰ ਦਾ
ਅੱਜ ਤੱਕ ਵਾਰਸਾਂ ਨੂੰ, ਲੱਭੀ ਵੀ ਜਿੱਥੇ ਲਾਸ਼ ਨਾ
ਨਾਂ ਰੱਖ ਲਵਾਂ ਗ਼ੱਦਾਰ ਜਾਂ ਮੱਕਾਰ ਤੇਰੇ ਸ਼ਹਿਰ ਦਾ
ਉਦੋਂ ਤੇਰੇ ਸ਼ਹਿਰ ਦੇ, ਸਾਰੇ ਹੀ ਦੀਵੇ ਬੁਝ ਗਏ
ਮੰਗ ਲਿਆ ਮੈਂ ਕੁਝ ਜਦੋਂ, ਰੁਸ਼ਨਾਰ ਤੇਰੇ ਸ਼ਹਿਰ ਦਾ
ਕੁਝ ਜ਼ਖ਼ਮਾਂ ਤੇ ਮੱਲ੍ਹਮ ਲੱਗਦੀ, ਜੇ ਕਾਤਿਲਾਂ ਨੂੰ ਵੇਖਦੇ
ਪਰ ਇਨਸਾਫ਼ ਤੋਂ ਵੀ ਹੋ ਗਿਆ, ਇਨਕਾਰ ਤੇਰੇ ਸ਼ਹਿਰ ਦਾ
ਹਰ ਖ਼ੁਸ਼ੀ ਗ਼ਮੀਂ ਨੂੰ ਭੁੱਲ ਸਕਦੇ, ਭੁੱਲ ਸਕਦੇ ਹਰ ਇੱਕ ਦਾਸਤਾਂ
ਨਹੀਂ ਭੁੱਲਣਾ ਜੋ ਦਿੱਤਾ ਤੋਹਫ਼ਾ, ਯਾਰ ਤੇਰੇ ਸ਼ਹਿਰ ਦਾ

ਦਿੱਲੀ ਨੂੰ—2

ਸਾਡੀਆਂ ਵਫ਼ਾਵਾਂ ਕਿਹੜੇ ਖ਼ਾਤੇ ਵਿੱਚ ਪਾਵੇਂਗੀ
ਹਰ ਇੱਕ ਵਾਅਦੇ ਤੋਂ ਜਵਾਬ ਦੇਣ ਵਾਲੀਏ
ਝੂਠੇ ਇਲਜ਼ਾਮ ਅਜੇ ਹੋਰ ਕਿੰਨੇ ਲਾਵੇਂਗੀ
ਸਾਨੂੰ ਅੱਤਵਾਦੀ ਦਾ ਖ਼ਿਤਾਬ ਦੇਣ ਵਾਲੀਏ

ਕੀਤੀਆਂ ਕੁਰਬਾਨੀਆਂ ਦਾ ਲੇਖਾ ਕਿੰਜ ਹੋਏਗਾ
ਦਾਗ਼ ਜੋ ਗੁਲ਼ਾਮੀ ਵਾਲੇ ਲੱਗੇ ਕੌਣ ਧੋਏਗਾ
ਜ਼ਖ਼ਮ ਜੋ ਦਿੱਤੇ ਜਿਹੜੇ ਕੀਹਦੇ ਤੋਂ ਗਿਣਾਏਂਗੀ
ਕੌਮ ਨੂੰ ਤੂੰ ਧੋਖੇ ਬੇਹਿਸਾਬ ਦੇਣ ਵਾਲੀਏ
ਝੂਠੇ ਇਲਜ਼ਾਮ ਅਜੇ ਹੋਰ ਕਿੰਨੇ ਲਾਵੇਂਗੀ
ਸਾਨੂੰ ਅੱਤਵਾਦੀ ਦਾ ਖ਼ਿਤਾਬ ਦੇਣ ਵਾਲੀਏ

ਪੁੱਤ ਨਿਰਦੋਸ਼ੇ ਸਾਡੇ ਕਿੰਨੇ ਹੋਰ ਮਾਰੇਂਗੀ
ਕਦੋਂ ਤੱਕ ਵੈਰਨੇ ਨੀ ਅਣਖ ਵੰਗਾਰੇਂਗੀ
ਸੰਨ 47 ਜਿਹੇ ਕਿੰਨੇ ਲਾਰੇ ਲਾਏਂਗੀ
ਲੰਗੜਾ ਜਾ ਸਾਨੂੰ ਇਹ ਪੰਜਾਬ ਦੇਣ ਵਾਲੀਏ
ਸਾਡੀਆਂ ਵਫ਼ਾਵਾਂ ਕਿਹੜੇ ਖ਼ਾਤੇ ਵਿਚ ਪਾਏਂਗੀ
ਸਾਨੂੰ ਅੱਤਵਾਦੀ ਦਾ ਖ਼ਿਤਾਬ ਦੇਣ ਵਾਲੀਏ

ਢੱਠਾ ਜੋ ਤਖ਼ਤ ਕਿਵੇਂ ਦਿਲ 'ਚੋਂ ਭੁਲਾਵਾਂਗੇ
"ਭਿੰਡਰਾਂਵਾਲੇ" ਜੇ ਸ਼ੇਰ ਕਿਵੇਂ ਮਰਵਾਵਾਂਗੇ
ਕਿੰਨੀ ਵਾਰੀਂ ਟਾਇਰ ਸਾਡੇ ਗਲਾਂ ਵਿਚ ਪਾਵੇਂਗੀ
"ਦੀਪ" ਨੂੰ ਆਜਾਦੀ ਦੇ ਖ਼ਵਾਬ ਦੇਣ ਵਾਲੀਏ
ਝੂਠੇ ਇਲਜ਼ਾਮ ਅਜੇ ਹੋਰ ਕਿੰਨੇ ਲਾਵੇਂਗੀ
ਸਾਨੂੰ ਅੱਤਵਾਦੀ ਦਾ ਖ਼ਿਤਾਬ ਦੇਣ ਵਾਲੀਏ

ਗੁਨਾਹ

ਬੋਲ ਜੋ ਰਿਹਾ ਹਾਂ ਇਹ ਵੀ ਵੇਖ ਜਿਗਰਾ
ਕਿਉਂਕਿ ਸੱਜਣਾਂ ਦੇ ਸ਼ਹਿਰ ਦੁੱਖ ਦੱਸਣਾ ਗੁਨਾਹ ਹੈ
ਝੂਠ ਦਾ ਇਹ ਸ਼ਹਿਰ, ਸਾਰੇ ਝੂਠ ਦੇ ਵਪਾਰੀ ਇਥੇ
ਝੂਠਿਆਂ ਦੀ ਮੰਡੀ, ਸੱਚ ਬੱਕਣਾ ਗੁਨਾਹ ਹੈ
ਪਿਟੋ, ਰੋਵੋ, ਵੈਣ ਪਾਵੋ ਮਰ ਗਿਆਂ ਨੂੰ ਯਾਦ ਕਰਕੇ
ਰਾਮਰਾਜ ਦੇਸ਼ ਵਿੱਚ ਹੱਸਣਾ ਗੁਨਾਹ ਹੈ
ਕੁਝ ਪਲਾਂ ਅੰਦਰ ਇਥੇ ਉਜਾੜ ਦੇ ਨੇ ਬਸਤੀਆਂ
ਹੁੰਦੇ ਰਹਿਣ ਦੰਗੇ, ਸੁਖੀ ਵੱਸਣਾ ਗੁਨਾਹ ਹੈ
ਕੁਰਲਾ-ਕੁਰਲਾ ਕੇ ਮਰ ਗਿਆ, ਜੋ ਹਾਦਸੇ 'ਚ ਆਦਮੀ
ਲੰਘੋ ਅੱਖਾਂ ਮੀਟ ਜ਼ਖ਼ਮੀ ਚੱਕਣਾ ਗੁਨਾਹ ਹੈ
'ਗੋਲ ਪਰਬਤ' ਵਿੱਚੋਂ ਇਥੇ, ਜੰਮਦੇ ਨੇ ਚਿੱਟੇ ਚੋਰ ਹੀ
ਖੱਫਣਾਂ ਦੇ ਦਲਾਲ ਪਰ ਐਬ ਤੱਕਣਾ ਗੁਨਾਹ ਹੈ
ਕਤਲੇਆਮ ਕਰਵਾਕੇ ਵੀ, ਦੰਗਿਆਂ ਦਾ ਨਾਮ ਦੇ ਦਿੰਦੇ
ਇੱਕ ਪਲ 'ਚ ਜਿੰਦਾ ਸਾੜਦੇ, ਇਥੇ ਤੜਪਨਾ ਗੁਨਾਹ ਹੈ
ਕਿਹਰ ਸਿੰਘ ਜਿਹੇ ਸਿੱਖ ਫਾਂਸੀ ਇਥੇ ਚਾੜ੍ਹਤੇ
ਕਾਤਿਲਾਂ ਦੇ ਦੇਸ਼ ਨਿਰਦੋਸ਼ ਬਖ਼ਸ਼ਣਾ ਗੁਨਾਹ ਹੈ

ਸ਼ਿਕਾਰੀ ਨੂੰ

ਸੱਜਣਾਂ
ਕਿਸੇ ਸਿਆਣੇ ਨੇ ਕਿਹਾ
ਸ਼ੇਰਾਂ ਦੇ ਡੇਰਿਆਂ ਤੇ ਗਿੱਦੜ ਕਰਨ ਕਲੋਲਾਂ
ਤੂੰ ਸਮਝ ਈ ਗਿਆ ਹੋਵੇਂਗਾ ਦੋਸਤਾ
ਪਰ
ਗਿੱਦੜ ਕਲੋਲਾਂ ਤੋਂ ਵੱਧ ਹੋਰ ਕਰ ਵੀ ਕੁਝ ਨ੍ਹੀ ਸਕਦਾ
ਕਿਉਂਕਿ ਸ਼ੇਰਾਂ ਦੇ ਡੇਰੇ ਤੇ ਰਹਿਣਾ
ਸ਼ੇਰਾਂ ਦੇ ਘੁਰਨਿਆਂ 'ਚ ਬਹਿਣਾ
ਹੋ ਸਕਦੀ ਐ
ਨਾ ਸਮਝੀ ਵਿੱਚ ਕੀਤੀ ਗੁਸਤਾਖ਼ੀ
ਨਾਲੇ ਤੇਰੀ ਨਸਲ ਤਾਂ,
ਬੜੀ ਛੇਤੀ ਮੰਗ ਲੈਂਦੀ ਐ ਮੁਆਫ਼ੀ
ਉਹ ਵੀ ਡੰਡਾਉਤ ਕਦਮਾਂ ਤੇ ਢਹਿਕੇ
ਨਾਲ ਧੀਆਂ ਭੈਣਾਂ ਦੇ ਡੋਲੇ ਦੇ ਕੇ
ਨਾਲੇ ਤੇਰਾ ਤੇ ਮੇਰਾ ਕੀ ਮੁਕਾਬਲਾ ਯਾਰਾ
ਅਸੀਂ ਤਾਂ ਅਣਖਾਂ ਦੀ ਖ਼ਾਤਿਰ ਚਰਖੜੀਆਂ ਚੜ੍ਹਦੇ ਰਹੇ ਹਾਂ
ਤੇ ਤੁਸੀਂ ਮੁਗ਼ਲਾਂ ਦੇ ਖੁਰ ਫੜਦੇ ਰਹੇ ਹੋ
ਥੋਡੀ ਕਮੀਨੀ ਸੋਚ ਤਾਂ ਇਥੇ ਖੜੀ ਸੀ
ਧੀ, ਭੈਣ, ਦਿਉ ਜੀ ਮੁਗਲਾਂ ਨੂੰ
ਰਾਜ ਈ ਕਰਨਾ,
ਅਸੀਂ ਨਹੀਂ ਸਾਡੇ ਭਾਣਜੇ, ਦੋਹਤੇ ਈ ਸਹੀ
ਚਲ ਛੱਡ
ਕਲੋਲਾਂ ਜਿੰਨੀਆਂ ਮਰਜ਼ੀ ਕਰੀਂ
ਪਰ ਦੋ ਗੱਲਾਂ ਦਾ ਖ਼ਿਆਲ ਰੱਖੀਂ

ਇੱਕ ਆਪਣੀ ਔਕਾਤ ਦਾ
ਤੇ ਦੂਜਾ ਮੈਨੂੰ "ਸਰਕਸੀ" ਨਾਂ ਸਮਝ ਲਵੀਂ
ਮੈਂ ਤੇਰਾ ਬਣਾਇਆ ਪਿੰਜਰਾ ਤਾਂ ਖਾ ਸਕਦਾਂ
ਪਰ ਤੇਰਾ ਸਿੱਟਿਆ "ਗੋਸ਼ਤ ਦਾ ਟੁੱਕੜਾ" ਨਹੀਂ
ਕਿਸੇ ਅਦੀਬ ਨੇ ਆਖਿਆ
ਦੁੱਖੜੇ ਕੌਮ ਦੇ ਉਹੀ ਫਰੋਲਦੇ ਨੇ
ਜਿਹੜੀ ਅਣਖੀ ਮਰਦ ਦਲੇਰ ਹੁੰਦੇ
ਕਿਹੜਾ ਪੁੱਛਦਾ ਕਾਵਾਂ ਤੇ ਗਿੱਦੜਾਂ ਨੂੰ
ਵਿਚ ਪਿੰਜ਼ਰੇ ਬਾਜ਼ ਜਾਂ ਸ਼ੇਰ ਹੁੰਦੇ

ਇਸ਼ਤਿਹਾਰ

ਤੁਹਾਡੇ ਘਰਾਂ ਦੀਆਂ ਇਹ ਰੇਤਲੀਆਂ ਕੰਧਾਂ
ਤੇ ਇਨ੍ਹਾਂ ਤੇ ਚਿਪਕੇ ਹੋਏ ਇਹ ਇਸ਼ਤਿਹਾਰ
ਜੋ ਸਾਨੂੰ
ਫਰਾਰ, ਕਰਾਰ ਦੇ ਚੁੱਕੇ ਨੇ
ਸੱਚਮੁੱਚ ਦੋਸਤੋ
"ਨਾਈਨ-ਇਲੈਵਨ" ਤੋਂ ਬਾਅਦ
ਤੁਹਾਡੀਆਂ ਆਸਾਂ ਨੂੰ ਬੜਾ ਬੂਰ ਪਿਆ
ਤਬਾਹ ਭਾਵੇਂ "ਵਰਲਡ ਟ੍ਰੇਡ ਸੈਂਟਰ" ਹੋਇਆ
ਪਰ ਦਿੱਲੀ ਵੀ ਨਿਸ਼ਾਨੇ ਤੇ ਆ
ਤੁਹਾਡੀ ਮਿਹਰਬਾਨੀ ਨਾਲ
ਪ੍ਰਚਾਰਿਆ ਇਹ ਵੀ ਬਹੁਤ ਗਿਆ
ਨਾਲੇ ਦਿੱਲੀ ਨੂੰ ਖ਼ਤਰਾ
ਤੁਹਾਥੋਂ ਵੱਧ ਕੀਹਦੇ ਤੋਂ ਹੋ ਸਕਦੈ,
ਚਲੋ ਛੱਡੋ
ਕੋਈ ਗਿਲਾ ਨਹੀਂ ਦੋਸਤੋ
ਮੰਨਿਆਂ
ਕਿ ਅਸੀਂ ਖੋ ਗਏ ਆਂ ਕਿਧਰੇ
ਮੰਜ਼ਿਲ ਦੀ ਤਲਾਸ਼ ਵਿੱਚ
ਪਰ ਮੰਜ਼ਿਲ ਦੀ ਨਾਂ ਸਹੀ
ਰਾਹਗੀਰਾਂ ਦੀ ਤਾਂ ਖ਼ਬਰ ਰੱਖਦੇ ਆਂ
ਇਉਂ ਸਾਡੇ ਨਾਲ ਖ਼ੁਦਾ ਨੂੰ ਨਾ ਟਕਰਾਉ ਯਾਰੋ
ਆਖ਼ਿਰ ਅਸੀਂ ਵੀ ਦੁਆਵਾਂ ਵਿੱਚ ਆਪਣੇ
ਕੁਝ ਤਾਂ ਅਸਰ ਰੱਖਦੇ ਆਂ
ਇਹ ਦੁਨੀਆਂ ਤਾਂ ਉਹ ਹੈ ਜੋ ਬੇਮੌਤ ਹੀ ਮਾਰ ਦੇਵੇ
ਹਾਂ ਜਿਉਂਦੇ ਅੱਜ ਜੱਲਾਦੋ
ਕਿਉਂਕਿ ਜਿਊਣ ਦਾ ਹੁਨਰ ਰੱਖਦੇ ਆਂ

ਏਕਤਾ

ਐਤਕੀਂ ਭੌਰਾਂ ਨੇ
ਸਮੇਤ ਜਾਲ ਉੱਡ ਜਾਣਾ
ਬਚਪਨ ਵਿੱਚ ਪੜ੍ਹੀ
ਕਬੂਤਰਾਂ ਦੀ ਕਹਾਣੀ ਵਾਂਗ
ਪਰ "ਏਕਤਾ ਦੇ ਬਲ" ਨਾਲ
ਆਜੋ ਸਾਥੀਓ ਇਕੱਠੇ ਉਡਾਰੀ ਮਾਰੀਏ
ਤੇ ਤੋੜ ਦੇਈਏ ਇੱਕੋ ਵਾਰ
ਸਾਰੇ ਪਿੰਜਰੇ ਤੇ ਜਾਲ
ਏਕਤਾ ਹੀ ਇਸ ਮਰਜ਼ ਦੀ
ਇੱਕੋ ਇੱਕ ਤੋੜ ਐ
ਆਜੋ.....ਆਜੋ ਵੀਰਿਓ
ਹੁਣ ਮੈਨੂੰ ਰਹਿਬਰਾਂ ਦੀ ਨਹੀਂ
ਹਮਸਫ਼ਰਾਂ ਦੀ ਲੋੜ ਐ

ਸਲਾਮ

ਜਿੰਨਾਂ ਪਿੱਠ ਪਿੱਛੇ ਕੀਤੇ ਵਾਰ
ਉਹਨਾਂ ਯਾਰਾਂ ਨੂੰ ਸਲਾਮ
ਗਿਰਗਿਟਾਂ ਵਾਂਗ ਬਦਲੇ ਜੋ
ਮੱਕਾਰਾਂ ਨੂੰ ਸਲਾਮ

ਗਲਾਂ 'ਚ ਵੇਖ ਟਾਇਰਾਂ ਨੂੰ
ਜੋ ਅੱਖਾਂ ਮੀਟ ਬੈਠੀ ਰਹੀ
ਇਹੋ ਜਿਹੀਆਂ ਮੁਰਦਾ
ਸਰਕਾਰਾਂ ਨੂੰ ਸਲਾਮ

ਸੰਵਿਧਾਨ ਸਾੜਦੇ-ਸਾੜਦੇ ਜੋ
ਸਿੱਖੀ ਹੀ ਦਿਲੋਂ ਸਾੜ ਬੈਠੇ
ਇਹੋ ਜਿਹੇ ਲੀਡਰਾਂ
ਗ਼ਦਾਰਾਂ ਨੂੰ ਸਲਾਮ

ਸੁੱਖੇ ਜਿੰਦੇ ਦੀ ਫਾਂਸੀ ਤੇ
ਵਿਸ਼ੇਸ਼ ਅੰਕ ਕੱਢਦੇ ਰਹੇ
ਅੱਜ ਅੱਤਵਾਦੀ ਆਖਦੇ
ਅਖ਼ਬਾਰਾਂ ਨੂੰ ਸਲਾਮ

ਕਿਨਾਰੇ ਕੋਲ ਡੁੱਬੇ ਹਾਂ
ਮੰਜ਼ਿਲਾਂ ਕੋਲੋਂ ਮੁੜੇ ਹਾਂ
ਜਿੱਤਾਂ ਵਰਗੀਆਂ ਦਿਸਦੀਆਂ
ਹਾਰਾਂ ਨੂੰ ਸਲਾਮ

ਸਿੰਘਾਂ ਦੇ ਭੋਗਾਂ ਤੇ ਜਾਂਦੀਆਂ
ਸੰਸਦ ਵਿੱਚ ਜਾ ਪਹੁੰਚੀਆਂ
ਇਹੋ ਜਿਹੀਆਂ ਝੰਡੀ ਵਾਲੀਆਂ
ਕਾਰਾਂ ਨੂੰ ਸਲਾਮ

ਉਹਦੇ ਇੱਕ-ਇੱਕ ਬੋਲ ਤੇ
ਜਾਨਾਂ ਜੋ ਵਾਰਦੇ ਰਹੇ
ਨਫ਼ਰਤਾਂ ਵਿੱਚ ਬਦਲ ਦਿੱਤੇ
ਪਿਆਰਾਂ ਨੂੰ ਸਲਾਮ

ਜੋ ਦਿਸਦੇ ਸੀ ਰਾਖੇ ਕੌਮ ਦੇ
"ਬਿੱਲੀਆਂ" ਬਣਾਕੇ ਪਾਲ ਲਏ
ਇਹੋ ਜਿਹੇ ਅੱਦਭੁਤੀ
ਚਮਤਕਾਰਾਂ ਨੂੰ ਸਲਾਮ

ਵੇਖ ਜ਼ੇਰਾ

ਅਸੀਂ ਸ਼ਹੀਦ ਹੋਣਾ ਲੜਕੇ
ਪਿਆ ਤਖ਼ਤ ਨੂੰ ਜੇ ਘੇਰਾ
ਪਰ ਫਿਰ ਵੀ ਨਿਕਲੇ ਬਚਕੇ
ਸਾਡਾ ਵੀ ਵੇਖ ਜ਼ੇਰਾ

ਮਰਜੀਵੜਿਆਂ ਨੂੰ ਅਸੀਂ ਜੋ
ਸੌਂਹਾਂ ਸੀ ਚੁਕਾਈਆਂ
ਸਾਨੂੰ ਸੁਣਨ ਸੰਗਤਾਂ ਸੀ
ਦੂਰੋਂ-ਦੂਰੋਂ ਆਈਆਂ
ਅਸੀਂ ਨਾਗ ਗਏ ਉਦੋਂ ਕੀਲੇ
ਜਦੋਂ ਆ ਗਿਆ ਸਪੇਰਾ
ਕਿਵੇਂ ਕੀਤੀਆਂ ਗੱਦਾਰੀਆਂ
ਸਾਡਾ ਵੀ ਵੇਖ ਜ਼ੇਰਾ
ਫ਼ੌਜ ਲਾਸ਼ਾਂ ਉੱਤੋਂ ਲੰਘੂ
ਅਸੀਂ ਕਿਹਾ ਲਲਕਾਰ ਕੇ
ਸਾਡਾ ਇੱਕ ਲੱਖ ਯੋਧਾ
ਮਰਾਂਗੇ ਵੈਰੀ ਮਾਰ ਕੇ
ਅਸੀਂ ਹਨੇਰੇ-ਹਨੇਰੇ ਨਿਕਲੇ
ਕਿਤੇ ਹੋਜੇ ਨਾ ਸਵੇਰਾ
ਕਿਵੇਂ ਕੀਤੀਆਂ ਗੱਦਾਰੀਆਂ
ਸਾਡਾ ਵੀ ਵੇਖ ਜ਼ੇਰਾ

ਫਿਰ ਅਸੀਂ ਕੌਮ ਸਾਰੀ
ਦਿੱਲੀ ਵੇਚ ਆਏ
ਤਖ਼ਤ ਢੁਹਾ ਕੇ

ਸਮਝੌਤੇ ਕਰਵਾਏ
ਥੋੜਾ ਮੁਸ਼ਕਲ ਪਰ ਭੁੱਲ ਗਏ,
ਗਲ ਟਾਇਰ ਪਾਇਆ ਜਿਹੜਾ
ਕਿਵੇਂ ਕੀਤੀਆਂ ਗੱਦਾਰੀਆਂ
ਸਾਡਾ ਵੀ ਵੇਖ ਜ਼ੇਰਾ

ਧਰਮੀ ਫ਼ੌਜੀ ਹੋਏ ਬਾਗੀ
ਅਸੀਂ ਬਿਆਨ ਐਸੇ ਦਾਗੇ
ਫਿਰ ਐਸੇ ਕੁਰਸੀ ਤੇ ਸੁੱਤੇ
ਜਗਾਇਆਂ ਨਾ ਜਾਗੇ
ਅਸੀਂ ਸਾਰੇ ਵਾਅਦੇ ਭੁੱਲਗੇ,
ਪੰਥ ਪਿੱਟਿਆ ਬਥੇਰਾ
ਕਿਵੇਂ ਕੀਤੀਆਂ ਗੱਦਾਰੀਆਂ
ਸਾਡਾ ਵੀ ਵੇਖ ਜ਼ੇਰਾ

'ਭਾਈ ਕਾਉਂਕੇ' ਦੀ ਰਿਪੋਰਟ
ਤਾਂ ਦੱਬ ਕੇ ਈ ਬਹਿ ਗਏ
ਅਸੀਂ ਕਾਤਿਲ ਬਚਾਲੇ
ਭਾਵੇਂ ਤਾਅਨੇ ਮਿਹਣੇ ਸਹਿ ਲਏ
ਇਹ ਅਸਲੀ ਨਹੀਂ ਹੈ
ਸਾਡਾ ਦਿਸਦਾ ਜੋ ਚਿਹਰਾ
ਕਿਵੇਂ ਕੀਤੀਆਂ ਗੱਦਾਰੀਆਂ
ਸਾਡਾ ਵੀ ਵੇਖ ਜ਼ੇਰਾ

ਖ਼ਾਲੜੇ ਦੇ ਕਾਤਿਲ ਬਚ ਜਾਣ
ਬੜਾ ਜ਼ੋਰ ਲਾਇਆ
ਏਸੇ ਸੌਦੇ "ਕਾਕੇ" ਨੂੰ
ਮੰਤਰੀ ਬਣਾਇਆ
ਉਲਾਂਭਾ ਨਾ ਦੇਵੀਂ
ਜੇ ਪੰਜਾਬ ਵੇਚ ਖਾ ਗਏ ਤੇਰਾ
ਅਸੀਂ ਕਰਾਂਗੇ ਗੱਦਾਰੀਆਂ,
ਸਾਡਾ ਵੀ ਵੇਖੀਂ ਜ਼ੇਰਾ

ਕੌੜਾ ਸੱਚ

ਮੰਜ਼ਿਲ ਦੀ ਚਾਹਤ ਵਿੱਚ ਕੁਛ ਇਸ ਕਦਰ ਮਸ਼ਰੂਫ਼ ਹਾਂ
ਜੰਗ ਜਿੱਤ ਲੈਣ ਦੇ ਹੌਸਲੇ, ਹਰ ਬਾਜ਼ੀ ਹਰ ਰਹੇ ਹਾਂ
ਵਾਰਸ ਬੰਦਾ ਸਿੰਘ ਦੇ ਮਾਧੋ ਦਾਸ ਫੇਰ ਬਣ ਗਏ
ਗੱਦਾਰਾਂ ਦੀਆਂ ਧੋਖੇਬਾਜ਼ੀਆਂ ਵੀ ਹੱਸ ਕੇ ਜ਼ਰ ਰਹੇ ਹਾਂ
ਭੋਰਿਆਂ 'ਚ ਵੜਕੇ ਬੈਠਗੇ, ਛੁਪਾਉਣ ਲਈ ਜੋ ਕਾਇਰਤਾ
ਸੰਤਾਂ ਦੇ ਗੋਡੇ ਘੁੱਟਦੇ, ਸਿਪਾਹੀ ਤੋਂ ਡਰ ਰਹੇ ਹਾਂ
ਠੰਢੇ ਬੁਰਜ ਬੈਠ ਕੇ ਵੀ ਜੋ ਖ਼ੂਨ ਖੌਲਦਾ ਰਿਹਾ
ਅੱਜ ਪੱਗਾਂ ਨੂੰ ਹੱਥ ਪਾ ਰਹੇ ਪਰ ਫਿਰ ਵੀ ਠਰ ਰਹੇ ਹਾਂ
ਅਟਕੇ ਨਾਂ ਜੋ ਅਟਕ ਤੋਂ, ਪਾਰ ਸਰਸਾ ਕਰ ਗਏ
ਅਕ੍ਰਿਤਘਣਾਂ ਦੀ ਨਦੀ ਵਿਚ ਅੱਜ ਕਾਹਤੋਂ ਤਰ ਰਹੇ ਹਾਂ
ਜਿਹੜੀ ਤਲੀ ਤੇ ਸੀਸ ਧਰ, ਲੰਘਣਾ ਸੀ ਗਲੀ ਯਾਰ ਦੀ
ਉਥੇ ਦਿੱਤਾ ਹੋਇਆ ਦਿੱਲੀ ਤਖ਼ਤ ਦਾ ਇੱਕ ਰੁਤਬਾ ਧਰ ਰਹੇ ਹਾਂ
ਇਹ ਵੀ ਕੀ ਜਿਊਣਾ ਹੋਇਆ ਕਾਤਿਲਾਂ ਦੇ ਸੰਗ ਵਿਚਰਕੇ
ਇੱਕ ਵਾਰੀ ਮਰਨਾ ਸਾਰਿਆਂ ਕਿਉਂ ਹਰ ਰੋਜ਼ ਮਰ ਰਹੇ ਹਾਂ
ਤਖ਼ਤ ਵੀ ਢੁਹਾ ਲਏ ਤੇ ਪੁਆ ਲਏ ਗਲੀਂ ਟਾਇਰ ਵੀ
ਫਿਰ ਹਿੰਦੁਸਤਾਨੀ ਹੋਣ ਦੀ ਕਿਉਂ ਹਾਮੀਂ ਭਰ ਰਹੇ ਹਾਂ
ਕਿਤੇ ਖ਼ੁਦਮੁਖ਼ਤਿਆਰੀ ਭਾਲਦੇ ਕਿਤੇ ਪਾਣੀ ਪਿੱਛੇ ਲੜ ਰਹੇ
ਚਾਹੀਦਾ 'ਖਾਲਿਸਤਾਨ' ਹੈ ਕਿਉਂ ਕਹਿਣੋ ਡਰ ਰਹੇ ਹਾਂ

ਗੁਫ਼ਤਗੂ

ਪੰਥਕ ਮਸਲੇ

ਤਖ਼ਤ ਅਕਾਲ !!!
ਤਖ਼ਤ ਅਕਾਲ ਦਾ ਕੀ ਏ
ਅਗਲਿਆਂ ਢਾਇਆ ਤੇ ਅਸੀਂ ਨਵਾਂ ਬਣਾਇਆ
ਤੇ ਸਿੱਖ ਕਤਲੇਆਮ
ਉਹ.....
ਉਹ ਤਾਂ ਉਹਨਾਂ ਦੀ ਲਿਖੀ ਏਦਾਂ ਸੀ
ਕੋਈ ਕੀ ਸਕਦੈ
ਵਿਚਾਰੇ ਬਦਨਸੀਬ
ਚਲੋ ਛੱਡੋ.....
ਤੇ ਝੂਠੇ ਪੁਲਿਸ ਮੁਕਾਬਲੇ
ਕੌਣ ਮੇਟ ਸਕਦੈ ਜੀ
ਲਿਖੀਆਂ ਲੇਖਾਂ ਦੀਆਂ
ਪਰ.....ਪਰ.....
ਸਾਡੇ ਸਰੂਆਂ ਵਰਗੇ ਪੁੱਤਰ
ਬਚਾਏ ਜਾ ਸਕਦੇ ਸੀ
ਹਾਂ.....
ਇੱਕ ਸ਼ਰਤ 'ਤੇ
ਕਿਹੜੀ.....
ਜੇ ਕੁਰਸੀ 'ਤੇ ਕਮੀਨਗੀ ਦਾ
ਨਹੁੰ ਮਾਸ ਦਾ ਰਿਸ਼ਤਾ ਨਾ ਹੁੰਦਾ
ਤੇ ਇਨ੍ਹਾਂ ਸਾਰੇ
ਜ਼ੁਲਮਾਂ
ਧੱਕੇਸ਼ਾਹੀਆਂ
ਨਸ਼ਲਕੁਸ਼ੀਆਂ ਦੇ ਖ਼ਿਲਾਫ਼

ਸਾਨੂੰ ਚਾਹੀਦੈ ਇਨਸਾਫ਼
ਕਿਉਂ ਨਾਂ ਇੱਕ ਜੁੱਟ ਹੋ ਕੇ ਲੜੀਏ
ਕੋਈ ਸਾਂਝਾ ਏਜੰਡਾ ਘੜੀਏ
ਨਹੀਂ.....ਨਹੀਂ.....
ਭੁੱਲ ਜਾਊ ਬੀਤਿਆ ਕੱਲ੍ਹ
ਐਵੇਂ.....ਕਿਉਂ ?
ਨਹੀਂ ਲੜਾਂਗੇ, ਅਸੀਂ ਲੜਾਂਗੇ
"ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗੁਲਾਮ ਸਧਰਾਂ ਲਈ
ਅਸੀਂ ਲੜਾਂਗੇ ਜਦ ਤੱਕ
ਦੁਨੀਆਂ 'ਚ ਲੜਨ ਦੀ ਲੋੜ ਬਾਕੀ ਐ
ਜਦੋਂ ਬੰਦੂਕ ਨਾ ਹੋਈ, ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ....."
ਚੁੱਪ.....ਬਦਤਮੀਜ਼.....ਦੇਸ਼ ਧ੍ਰੋਹੀ
ਤੈਨੂੰ ਨਹੀਂ ਪਤਾ
ਪੰਥ ਨੂੰ ਹੋਰ ਕਿੰਨੇ ਦੁੱਖ ਨੇ
ਰਾਗਮਾਲਾ ਤੇ ਦਸਮ ਗ੍ਰੰਥ
ਇਹੋ ਜਿਹੇ ਕਈ ਮਸਲੇ ਜ਼ਿਆਦਾ ਪ੍ਰਮੁੱਖ ਨੇ
ਇਸ ਲਈ.....
ਅਸੀਂ ਲੜਾਂਗੇ ਸਾਥੀ
ਹੁਣ ਆਪਸ ਵਿਚ..... !!!

ਸ਼ਹੀਦ ਬੇਅੰਤ ਸਿੰਘ ਦੇ ਨਾਂ

ਉਏ ਵੀਰਾ ਬੇਅੰਤ ਸਿੰਘਾ
ਮੇਰੀ ਦਰਦ ਭਰੀ ਅਵਾਜ਼ ਸੁਣ
ਸੱਚ ਜਾਣੀ ਵੀਰਾ
ਇੱਕ ਚੂਲੀ ਪਵਿੱਤਰ ਪਾਣੀ ਵੀ ਨਹੀਂ ਮਿਲਦਾ ਮੈਨੂੰ ਹੁਣ
ਕਿੰਨਾ ਪਾਣੀ ਸੀ ਸਾਡੇ ਕੋਲ,
ਅੱਧਾ ਵੰਡ ਦਿੱਤਾ ਤੇ ਬਾਕੀ
ਬਾਕੀ ਵਿੱਚ ਅਖੌਤੀ ਪੰਥਕ ਹਿਤੈਸ਼ੀਆਂ ਨੇ ਜ਼ਹਿਰ ਘੋਲ ਦਿੱਤਾ
ਤਾਹੀਓਂ ਤਾਂ ਪਿਛਲੇ ਦਿਨੀਂ ਇਸ ਲੋਕਤੰਤਰ ਵਿਚ
ਇੱਕ "ਪੰਥ ਦੀ ਅਮਾਨਤ" ਨੂੰ
ਅਸੀਂ ਫ਼ਤਵਾ ਦੇ ਕੇ ਰੋਲ ਦਿੱਤਾ
ਸਾਡੀ ਝੋਲੀ ਪਾਕੇ ਆਖਿਆ ਸੀ ਤੂੰ
ਮੈਂ ਜਾ ਰਿਹਾਂ ਕਲਗੀਧਰ ਦੀ ਗੋਦ ਵਿੱਚ
ਵੇਖ ਵੀਰਾ
ਅਸੀਂ ਕਿੰਨੇ ਅਕ੍ਰਿਤਘਣ, ਨਾਂ-ਸ਼ੁਕਰੇ ਹਾਂ
ਤੇਰੀ ਕੁਰਬਾਨੀ ਭੁੱਲ ਗਏ...
ਬੱਸ ਕੁਝ ਕੁ ਸ਼ਰਾਬ ਦੀਆਂ ਬੋਤਲਾਂ
ਤੇ ਮੁਫ਼ਤ ਬਿਜਲੀ ਤੇ ਡੁੱਲ ਗਏ
ਅਸੀਂ ਇਹ ਨਹੀਂ ਸੋਚਿਆ ਕਿ ਜੇਕਰ...
ਜੇਕਰ ਤੂੰ ਸ਼ਹੀਦਾਂ ਦੀ ਕਤਾਰ ਵਿੱਚ ਲੱਗਦਾ ਨਾਂ
ਮੁਫ਼ਤ ਤਾਂ ਕੀ
ਸ਼ਾਇਦ ਪੈਸੇ ਦੇਕੇ ਵੀ ਸਾਡੇ ਘਰੀਂ ਬੱਲਬ ਜਗਦਾ ਨਾਂ
ਕੋਈ ਹੋਰ ਇੰਦਰਾ ਉਠਦੀ
ਕੋਈ ਹੋਰ ਵੈਦਯਾ ਜੰਮਦਾ
ਜ਼ੁਲਮ ਦੀ ਇਹ ਹਨੇਰੀ ਤੂੰ

ਜੇ ਅੱਗੇ ਹੋ ਕੇ ਨਾਂ ਥੰਮਦਾ
ਤੂੰ ਸਾਡੇ ਲਈ ਆਪਣੀ
ਜ਼ਾਨ ਕੁਰਬਾਨ ਕਰ ਗਿਆ
ਪੈਰੀਂ ਰੁਲਦੀ ਪੱਗ ਸਾਡੇ
ਸਿਰ ਉੱਤੇ ਧਰ ਗਿਆ
ਪਰ ਤੇਰੇ ਇੱਕ ਚਿਰਾਗ ਨੂੰ
ਅਸੀਂ ਨਾ ਜਗਾ ਸਕੇ
ਤੇਰੇ ਹੱਕ ਵਿੱਚ ਵੀਰ ਉਏ
ਇੱਕ ਵੋਟ ਵੀ ਨਾ ਪਾ ਸਕੇ
ਸੋਚਦਾ ਹੋਵੇਗਾ ਵੀਰ
ਕਿ ਮੈਂ ਇੱਕ ਚੂਲੀ ਪਾਣੀ ਕੀ ਕਰਨਾ
ਸੱਚ ਦੱਸਾਂ ਵੀਰਾ
ਹੁਣ ਮੈਂ ਨੱਕ ਡਬੋ ਕੇ ਮਰਨਾ
ਲਾਹਨਤ ਹੈ ਮੇਰੀ ਇਸ ਜ਼ਿੰਦਗੀ ਤੇ
ਸ਼ਰਮਸਾਰ ਹਾਂ
ਮੈਂ ਆਪਣੀ ਇਸ ਗੁਸਤਾਖੀ ਤੇ
ਮੈਂ ਨਹੀਂ ਜੀਅ ਸਕਿਆ
ਤੇਰੀ ਦਿੱਤੀ ਅਣਖੀਲੀ ਜ਼ਿੰਦਗੀ
ਇਸੇ ਲਈ ਪੈਣਾ ਹੁਣ
ਸ਼ਰਮੀਲੀ ਮੌਤ ਮਰਨਾ...

ਸੁਖਦੇਵ ਸਿੰਘ ਬੱਬਰ ਦੇ ਨਾਂ

ਵੇਖਾਂ ਅਣਖ ਲਈ ਖੌਲਦਾ ਖ਼ੂਨ ਤੇਰਾ
ਜਾਂ ਫਿਰ ਕੌਮ ਦੇ ਹਰਨ ਹੋਏ ਚੀਰ ਵੇਖਾਂ
ਤੇਰੀਆਂ ਅੱਖਾਂ 'ਚੋਂ ਕੌਮ ਦਾ ਦਰਦ ਦੀਂਹਦਾ
ਲੱਗੀ ਸਾਹਮਣੇ ਜਦੋਂ ਤਸਵੀਰ ਵੇਖਾਂ

ਮੇਰੇ ਕੌਮੀ ਸੰਘਰਸ਼ ਦੇ ਹੀਰਿਆ ਉਏ
ਤੇਰੀ ਕਰਨੀ ਨੂੰ ਅੱਜ ਸਲਾਮ ਕਰਦਾਂ
ਜਿੰਦੜੀ ਸਿੱਖ ਸੰਘਰਸ਼ ਦੇ ਤੂੰ ਨਾਮ ਕੀਤੀ
ਹੰਝੂ ਲਫ਼ਜ਼ਾਂ ਦੇ ਮੈਂ ਤੇਰੇ ਨਾਮ ਕਰਦਾਂ
ਵੇਖਾਂ ਸੀਸ ਤੇ ਸਜਾਈ ਤੇਰੇ ਪੱਗ ਸੋਹਣੀ
ਜਾਂ ਫਿਰ ਗਾਤਰੇ ਪਾਈ ਸ਼ਮਸ਼ੀਰ ਵੇਖਾਂ
ਤੇਰੀਆਂ ਅੱਖਾਂ 'ਚੋਂ ਕੌਮ ਦਾ ਦਰਦ ਦੀਂਹਦਾ
ਲੱਗੀ ਸਾਹਮਣੇ ਜਦੋਂ ਤਸਵੀਰ ਵੇਖਾਂ

ਸਭ ਕੈਟਾਂ ਤੇ ਮੁਖ਼ਬਰਾਂ ਨੂੰ ਮਾਤ ਪਾ ਗਈ
ਐਸੀ ਰੂਪੋਸ਼ੀ ਦੀ ਅਪਣਾਈ ਤੂੰ ਯੁੱਧਨੀਤੀ
ਬੱਬਰ ਬੁੱਕਲ 'ਚ ਬੈਠਾ, ਪਰ ਲੱਭਿਆ ਨਾਂ
ਕੈਸੀ ਸ਼ੇਰਾ ਬਣਾਈ ਤੂੰ ਯੁੱਧਨੀਤੀ
ਵੇਖਾਂ ਗੁਰੀਲਾ ਜਰਨੈਲ ਦੇ ਰੂਪ ਦੇ ਵਿੱਚ
ਜਾਂ ਫਿਰ ਚਿਹਰੇ 'ਚੋਂ ਝਲਕਦਾ ਫ਼ਕੀਰ ਵੇਖਾਂ
ਤੇਰੀਆਂ ਅੱਖਾਂ 'ਚੋਂ ਕੌਮ ਦਾ ਦਰਦ ਦੀਂਹਦਾ
ਲੱਗੀ ਸਾਹਮਣੇ ਜਦੋਂ ਤਸਵੀਰ ਵੇਖਾਂ

ਰਾਜ ਕਰਦੈਂ ਤੂੰ ਸਾਡਿਆਂ ਦਿਲਾਂ ਉੱਤੇ
ਬੇਸ਼ੱਕ ਝੁੱਲਿਆ ਨਹੀਂ ਕੇਸਰੀ ਨਿਸ਼ਾਨ ਸ਼ੇਰਾ
ਆਨ ਕੌਮ ਦੀ, ਮਾਣ ਤੂੰ ਬੱਬਰਾਂ ਦਾ
ਪੰਥ ਦਰਦੀਆਂ ਦੀ ਤੂੰ ਜਿੰਦ ਜਾਨ ਸ਼ੇਰਾ
ਵੇਖਾਂ ਗਿੱਦੜਾਂ 'ਚ ਘਿਰੀ ਹੋਈ ਲਾਸ਼ ਤੇਰੀ
ਜਾਂ ਫਿਰ ਆਈ ਵਿਆਹੁਣ ਜੋ ਤੈਨੂੰ ਮੌਤ ਹੀਰ ਵੇਖਾਂ
ਤੇਰੀਆਂ ਅੱਖਾਂ 'ਚੋਂ ਕੌਮ ਦਾ ਦਰਦ ਦੀਂਹਦਾ
ਲੱਗੀ ਸਾਹਮਣੇ ਜਦੋਂ ਤਸਵੀਰ ਵੇਖਾਂ

ਸਿਮਰਨਜੀਤ ਸਿੰਘ ਮਾਨ ਦੇ ਨਾਂ

ਰਾਤਾਂ ਝਾਕ-ਝਾਕ ਕੇ ਜੋ ਕੀਤੀ ਤੂੰ ਪੜ੍ਹਾਈ ਸ਼ੇਰਾ
ਆਈ.ਪੀ.ਐਸ. ਨੂੰ ਤੂੰ ਸਿੱਖੀ ਉੱਤੋਂ ਵਾਰਿਆ
"ਜੁਝਾਰੂ ਜਰਨੈਲ" ਨਾਲ ਜਾਨੋਂ ਵੱਧ ਪਿਆਰ ਤੇਰਾ
ਇਸੇ ਹੀ ਕਸੂਰ ਪਿੱਛੇ ਜੇਲ੍ਹ ਗਿਉਂ ਤਾੜਿਆ
ਨਹੁੰ ਖਿਚਵਾਏ ਨਾਲੇ ਘੋਟਣੇ ਲਵਾਏ ਯਾਰਾ
ਪਰ ਰੱਖ ਲਈ ਇੱਜ਼ਤ ਕੌਮੀ ਕਰਜ਼ ਉਤਾਰਿਆ
ਮਖਮਲਾਂ ਦਿਆ ਵਾਰਸਾ ਉਏ ਕਿਵੇਂ ਜ਼ੇਲ੍ਹਾਂ ਕੱਟੀਆਂ ਸੀ
ਨੀਲੇ ਤਾਰੇ ਵਾਲੀ ਅੱਗ ਸੀਨਾ ਜਦੋਂ ਸਾੜਿਆ
ਖਾਲਸੇ ਦਾ ਰਾਜ ਹੋਵੇ ਰੀਝ ਤੇਰੀ ਇਹੋ ਬੱਸ
ਅਣਖ ਨਾਲ ਜਿਊਣਾ ਇਹੀ ਮਨ ਵਿੱਚ ਧਾਰਿਆ
ਤੇਰੇ ਬਾਝੋਂ ਦਿਸਦਾ ਨਹੀਂ ਕੋਈ ਵੀ ਅਕਾਲੀ ਸ਼ੇਰਾ
ਕੇਸਾਧਾਰੀ ਬਾਹਮਣ ਇਹ ਤਾਂ ਕੌਮ ਦੇ ਗੱਦਾਰ ਆ
ਕੁਰਸੀਆਂ ਦੇ ਪਿੱਛੇ ਇਨ੍ਹਾਂ ਤਖ਼ਤ ਵੀ ਢੁਹਾ ਦਿੱਤੇ
20-20 ਸਾਲੋਂ ਜ਼ੇਲ੍ਹੀਂ ਰੋਲੇ ਸਿੰਘ ਸਰਦਾਰ ਆ
ਕੀਤੀ ਨਹੀਂ ਗੱਦਾਰੀ ਨਾ ਕੋਈ ਸਕਿਆ ਖ਼ਰੀਦ ਤੈਨੂੰ
ਕੁਰਸੀਆਂ ਦੇ ਪਿੱਛੇ ਤੂੰ ਨਾ ਗਿਆ ਪੁਚਕਾਰਿਆ
ਸੁਣੂ ਅਰਦਾਸ ਛੇਤੀ ਨੀਲੇ ਦਾ ਸਵਾਰ ਦਾਤਾ
ਕਰੀਂ ਨਾ ਤੂੰ ਝੋਰਾ ਦਸਮੇਸ਼ ਦੇ ਦੁਲਾਰਿਆ
ਆਖੇ "ਸੁਖਦੀਪ" ਸੱਚ ਸੁਣੀਂ ਸ਼ੇਰਾ ਕੰਨ ਲਾ ਕੇ
'ਦੁਸ਼ਮਣਾਂ' ਤੋਂ ਵੱਧ ਤੈਨੂੰ 'ਦੋਸਤਾਂ' ਨੇ ਮਾਰਿਆ

ਬੁੱਢੇ ਜਰਨੈਲਾਂ ਦੇ ਨਾਂ

ਮੇਰਾ ਅੱਜ ਦਾ ਕਲਾਮ
ਉਨ੍ਹਾਂ ਬੁੱਢੇ ਜਰਨੈਲਾਂ ਦੇ ਨਾਮ
ਕੁਝ ਉਹ
ਜਿਹੜੇ ਅੱਜ ਵੀ ਸਾਡੇ ਵਿੱਚ ਰਹਿਕੇ ਲੜ ਰਹੇ ਹਨ
ਕੁਝ ਉਹ
ਜਿਹੜੇ ਛਮਾਂ ਤੋਂ ਸੜ ਗਏ ਹਨ
ਕੁਝ ਉਹ
ਜਿਹੜੇ ਸਰਜ਼ਮੀਂ ਤੋਂ ਕੁਝ ਦੂਰ ਬੈਠੇ ਨੇ
ਪਰ
ਸਾਡੇ ਦਿਲਾਂ ਦੇ ਹਜ਼ੂਰ ਬੈਠੇ ਨੇ
ਸਦਾ ਰਹੇਗਾ ਕੌਮ ਨੂੰ ਤੁਹਾਡੇ ਤੇ ਮਾਣ
ਮੈਂ ਹੋਰ ਕੀ ਦੇ ਸਕਦਾਂ ਸਨਮਾਨ
ਸੱਚੀਂ
ਇਹਨਾਂ ਚਾਰ ਲਫ਼ਜ਼ਾਂ ਤੋਂ ਇਲਾਵਾ
ਹੋਰ ਕੁਝ ਨਹੀਂ
ਚਲੋ ਇਸ ਵਾਰ
ਇਹੋ ਈ ਸਹੀ
ਵੈਸੇ ਵੀ
ਸਮੇਂ ਨੇ ਤੁਹਾਨੂੰ ਬੜਾ ਕੁਝ ਦੇ ਦਿੱਤਾ ਹੈ
"ਜਲਾਲਤ" ਤੋਂ ਲੈ ਕੇ
"ਜਲਾਵਤਨੀ" ਤੱਕ
ਜਦੋਂ ਮੇਰੀ ਕਲਮ ਰੋਂਦੀ ਐ ਤਾਂ
ਇਹਦੀ ਨੋਕ ਚੋਂ
ਬਾਗ਼ੀ ਜੇ ਲਫ਼ਜ਼ ਕਿਰਦੇ ਨੇ

ਤੇ ਇਸ ਬੇਗਾਨੀ ਤੇ ਉਦਾਸ ਜਿਹੀ ਫ਼ਿਜ਼ਾ ਵਿੱਚ
ਤੁਹਾਨੂੰ ਲੱਭਦੇ ਫਿਰਦੇ ਨੇ
ਖੈਰ.....
ਮੇਰੇ ਵੱਲੋਂ ਤੁਹਾਨੂੰ ਸਾਰਿਆਂ ਨੂੰ
ਸਲਾਮ ਸਲਾਮ ਸਲਾਮ
ਤੇ ਮੇਰਾ ਇਹ.....
"ਧਰਮ-ਯੁੱਧ" .....
ਦਾ ਪੈਗ਼ਾਮ
ਤੁਹਾਡੇ ਨਾਮ

ਨੌਜੁਆਨਾਂ ਦੇ ਨਾਂ

ਕਿਹੜੀ ਗੱਲੋਂ ਰੁੱਸਿਆਂ ਏਂ ਨਲੂਏ ਦੇ ਜਾਨਸ਼ੀਨਾਂ
ਸਿੱਖੀ ਤੇ ਸਿਧਾਂਤਾਂ ਵੱਲੋਂ ਮੁੱਖ ਕਾਹਤੋਂ ਫੇਰਿਆ
ਮਿਲੀ ਨਹੀਓਂ ਸਸਤੀ ਇਹ ਸਿਰ ਦੇ ਕੇ ਲਈ ਸਿੱਖੀ
ਤੇਰੇ ਬਾਝੋਂ ਪੰਥ ਅੱਜ, ਪਾਖੰਡੀਆਂ ਨੇ ਘੇਰਿਆ
ਗੁਰਾਂ ਦੇ ਪੰਜਾਬ ਵਿੱਚ, ਗੁਰਾਂ ਦੇ ਸਰੂਪ ਸਾੜੇ
ਖੂਨੀ ਪੰਜੇ ਅੱਡ ਲਏ ਨੇ ਫੇਰ ਨਰਕਧਾਰੀਆਂ
ਏਡੀ ਲੰਬੀ ਨੀਂਦ ਨਾਂ ਬਈ ਸ਼ੇਰਾਂ ਤਾਈਂ ਚੰਗੀ ਹੁੰਦੀ
ਉੱਠ ਜਾਗ ਹੁਣ ਖ਼ਾਲਸਾ ਤਿਆਗ ਇਹ ਖੁਮਾਰੀਆਂ
ਮਿਲੀ ਨਹੀਓਂ ਸਸਤੀ ਇਹ ਸਿਰ ਦੇ ਕੇ ਲਈ ਸਿੱਖੀ.....

ਗਾਫ਼ਲਾ ਉਏ ਵੇਖ ਸ਼ਾਨਾਮੱਤਾ ਇਤਿਹਾਸ ਤੇਰਾ
ਸੰਘ ਜਿਹੀਆਂ ਫ਼ਿਰਕੂ ਜਥੇਬੰਦੀਆਂ ਵਿਗਾੜਿਆ
ਕੌਮ ਦਾ ਜੋ ਮਾਣ, ਵੇਖ ਆਨ ਸ਼ਾਨ ਪੰਥ ਦੀ ਜੋ
ਪੁਤਲਾ ਬਣਾਕੇ ਇਥੇ ਗਿੱਦੜਾਂ ਨੇ ਸਾੜਿਆ
ਸਾਂਭੀਏ ਵਕਤ ਚੱਲ, ਵੈਰੀਆਂ ਨੇ ਛੇੜ ਛੇੜੀ
ਕੌਮ ਉੱਤੇ ਫੇਰ ਅੱਜ ਬਣੀਆਂ ਨੇ ਭਾਰੀਆਂ
ਏਡੀ ਲੰਬੀ ਨੀਂਦ ਨਾਂ ਬਈ ਸ਼ੇਰਾਂ ਤਾਈਂ ਚੰਗੀ ਹੁੰਦੀ
ਉੱਠ ਜਾਗ ਹੁਣ ਖ਼ਾਲਸਾ ਤਿਆਗ ਇਹ ਖੁਮਾਰੀਆਂ
ਮਿਲੀ ਨਹੀਓਂ ਸਸਤੀ ਇਹ ਸਿਰ ਦੇ ਕੇ ਲਈ ਸਿੱਖੀ.....

23 ਸਾਲ ਹੋਏ, ਦਿੱਲੀ ਵਿੱਚ ਨਿਰਦੋਸ਼ ਮਾਰੇ
ਬੜੀ ਚੰਗੀ ਤਰ੍ਹਾਂ ਅਸੀਂ, ਇਨਸਾਫ਼ ਵੇਖ ਲਿਆ ਏ
ਕਾਤਿਲ ਬਚਾ ਲਏ, ਇਨ੍ਹਾਂ ਪੰਥਕ ਹਿਤੈਸ਼ੀਆਂ ਨੇ
ਦੋਸ਼ੀਆਂ ਦਾ ਦਿੱਤਾ ਅਸੀਂ ਸਾਥ ਵੇਖ ਲਿਆ ਏ

ਲੜਨੀ ਪੈਣੀ ਇਹ ਲੜਾਈ, ਤੈਨੂੰ ਆਪਣੇ ਭਰੋਸੇ ਉੱਤੇ
ਆਸਾਂ ਤੇ ਉਮੀਦਾਂ ਛੱਡ, ਕਰੀਏ ਤਿਆਰੀਆਂ
ਵਫ਼ਾ ਦੀ ਨਾ ਆਸ ਰੱਖੀਂ, ਡੋਗਰਿਆਂ ਦੇ ਵਾਰਸਾਂ ਤੋਂ
ਮੁਰਦਾ ਜ਼ਮੀਰਾਂ ਨਾ, ਨਿਭਾਉਣ ਵਫ਼ਾਦਾਰੀਆਂ
ਏਡੀ ਲੰਬੀ ਨੀਂਦ ਨਾ ਬਈ ਸ਼ੇਰਾਂ ਤਾਈਂ ਚੰਗੀ ਹੁੰਦੀ
ਉੱਠ ਜਾਗ ਹੁਣ ਖ਼ਾਲਸਾ ਤਿਆਗ ਇਹ ਖ਼ੁਮਾਰੀਆਂ
ਮਿਲੀ ਨਹੀਓਂ ਸਸਤੀ ਇਹ ਸਿਰ ਦੇ ਕੇ ਲਈ ਸਿੱਖੀ.....

ਸ਼ਹੀਦਾਂ ਦੇ ਵਿਹੜਿਆਂ ਦੇ ਬਚਪਨ ਦੇ ਨਾਂ

ਰੱਬੀ ਰਹਿਮਤ ਕਿ ਸ਼ਹੀਦਾਂ ਦੀ ਫੁੱਲਵਾੜੀ
ਕਰਦੀ ਏ ਅੱਜ ਪਿਆਰ ਕਿੰਨਾ
ਬਚਪਨ ਸਿੰਘਾਂ ਦੇ ਵਿਹੜਿਆਂ ਦਾ
ਯਾ-ਖ਼ੁਦਾ ਅੱਜ ਕਰੇ ਸਤਿਕਾਰ ਕਿੰਨਾ
ਪਿਆਰ ਮਾਸੂਮਾਂ ਦੇ ਅੱਖਾਂ 'ਚੋਂ ਛਲਕਦਾ ਏ
ਮੇਰੀ ਹੰਝੂਆਂ ਨਾ ਹਿੱਕ ਸ਼ਿੰਗਾਰ ਦਿੱਤੀ
ਉਹਨਾਂ ਦੀਆਂ ਜਿੰਦਾਂ ਅੱਜ ਸਾਡੇ ਤੋਂ ਜਾਨ ਵਾਰਨ
ਜਿੰਨ੍ਹਾ ਜ਼ਿੰਦਗੀ ਕੌਮ ਤੋਂ ਵਾਰ ਦਿੱਤੀ
ਮਿਲਿਆ ਜੋ ਇਹਨਾਂ ਤੋਂ ਪਿਆਰ ਏਨਾ
ਕਰਜ਼ ਕਿਵੇਂ ਦੱਸ ਇਹ ਉਤਾਰਾਂਗਾ ਮੈਂ
ਖ਼ੁਦਾ-ਨਾ-ਖਾਸਤਾ ਪਵੇ ਜੇ ਲੋੜ ਕਿਧਰੇ
ਜ਼ਿੰਦ ਜਾਨ ਵੀ ਇਹਨਾਂ ਤੋਂ ਵਾਰਾਂਗਾ ਮੈਂ
ਕੁਲ ਬਦਲੇ ਜਹਾਨ ਦੀ ਬਾਦਸ਼ਾਹੀ
ਭਾਵੇਂ ਚੰਦ ਵੀ ਮੱਸਿਆ ਨੂੰ ਚੜ੍ਹਨ ਲੱਗੇ
ਖ਼ੂਨ ਰਗਾਂ ਦਾ ਪਾਣੀ ਬੇਸ਼ੱਕ ਬਣਜੇ
ਧਰਤੀ ਚਲਦੀ ਬੇਸ਼ੱਕ ਖੜ੍ਹਨ ਲੱਗੇ
ਗਿਰਗਿਟ ਵਾਂਗਰਾਂ ਬਦਲ ਭਾਵੇਂ ਜਾਣ ਲੋਕੀਂ
ਨਹੀਂ ਭੋਰਾ ਵੀ ਮਨ ਬਦਲਾਵਾਂਗਾ ਮੈਂ
ਸੂਰਜ ਚੜ੍ਹਨਾਂ ਤਾਂ ਭੁੱਲੇ ਬੇਸ਼ੱਕ ਭੁੱਲੇ
ਨਹੀਂ ਇਹਨਾਂ ਨੂੰ ਦਿਲੋਂ ਭੁਲਾਵਾਂਗਾ ਮੈਂ
"ਕੁਝ ਅੰਸ਼ ਲੰਬੀ ਕਵਿਤਾ ਵਿਦਾਇਗੀ ਵਿੱਚੋਂ"

ਮਨਸੂਰ ਦੀ ਮੌਤ

ਬਾਗ਼ੀ ਹੋ ਗਿਆ ਮਜ਼ਹਬ ਤੋਂ 'ਮਨਸੂਰ' ਜੇਕਰ
ਕਿਵੇਂ ਮੰਨਣਗੇ ਲੋਕੀਂ ਫ਼ੁਰਮਾਨ ਸਾਡਾ
ਜੇ ਨਾਂ ਟੰਗਿਆ ਸੂਲੀ ਤੇ ਆਦਮੀ ਇਹ
ਕਿਵੇਂ ਕਰਨਗੇ ਲੋਕੀਂ ਸਨਮਾਨ ਸਾਡਾ

ਫ਼ਤਵਾ ਧਰਮੀਆਂ ਨੇ ਜ਼ਾਰੀ ਉਦੋਂ ਕਰ ਦਿੱਤਾ
ਨਹੀਂ ਜਿਊਣ ਦਾ 'ਮਨਸੂਰ' ਨੂੰ ਹੱਕ ਕੋਈ
'ਹਾਜ਼ੀ ਚੌਕ' 'ਚ ਬਾਗ਼ੀ ਨੂੰ ਮਾਰ ਦੇਣਾ
ਖ਼ਬਰਦਾਰ ਜੇ ਨਮ ਹੋਈ ਅੱਖ ਕੋਈ

ਪੱਥਰ 'ਮਨਸੂਰ' ਦੇ ਮਾਰਨੇ ਸਾਰਿਆਂ ਨੇ
ਜ਼ਾਰੀ ਲੋਕਾਂ ਦੇ ਨਾ ਫ਼ੁਰਮਾਨ ਹੋਇਆ
ਹਸ਼ਰ ਮੌਤ ਤੱਕ ਵੇਖਣ ਲਈ ਜੱਗ ਆਇਆ
ਇਕੱਠਾ ਚੌਕ ਵਿੱਚ ਕੁਲ ਜਹਾਨ ਹੋਇਆ

ਜ਼ਿਗਰੀ ਯਾਰ 'ਮਨਸੂਰ' ਦਾ ਨਾਮ 'ਸਿਬਲੀ'
ਸੋਚਦੈ ਮੈਂ ਵੀ ਯਾਰ ਦੇ ਦੀਦਾਰ ਕਰ ਲਾਂ
ਰਿਹਾ ਬਚਪਨ ਤੋਂ ਖੇਡਦਾ ਨਾਲ ਮੇਰੇ
ਖ਼ੁਦਾਬੰਦ ਨੂੰ ਸਜ਼ਦਾ ਜਾਂਦੀ ਵਾਰ ਕਰ ਲਾਂ

ਜਾ ਕੇ ਵੇਖਿਆ ਲੋਕਾਂ ਦੇ ਇਕੱਠ ਵਿੱਚੋਂ
ਪੱਥਰ ਦੋ-ਦੋ ਮਾਰਦੇ 'ਮਨਸੂਰ' ਨੂੰ ਅੱਜ
ਕੋਈ ਪਤਾ ਨਹੀਂ ਲੋਕਾਂ ਭੋਲਿਆਂ ਨੂੰ
ਵੇਖ ਕਿਵੇਂ ਫਿਟਕਾਰਦੇ 'ਮਨਸੂਰ' ਨੂੰ ਅੱਜ

ਹਜ਼ਾਰਾਂ ਲੋਕਾਂ ਵਿੱਚ ਖੜਾ ਲਹੂ-ਲੁਹਾਨ ਹੋਇਆ
ਫਿਰ ਵੀ ਕਿਵੇਂ 'ਮਨਸੂਰ' ਮੁਸਕਰਾਈ ਜਾਂਦਾ
ਕਸੂਰ ਇਹੋ ਕਿ ਹੈ 'ਬੇਕਸੂਰ' ਗਾਫ਼ਿਲ
'ਪੱਥਰ' ਹੱਸ ਕੇ ਬੇਗਾਨਿਆਂ ਦੇ ਖਾਈ ਜਾਂਦਾ

ਭੁੱਲ ਗਿਆ 'ਸਿਬਲੀ' ਕਿ ਸੱਚਾ ਹੈ ਯਾਰ ਮੇਰਾ
ਲੋਕਾਂ ਨਾਲ ਹੀ ਕਰਜ਼ ਉਤਾਰ ਦਿੱਤੇ
ਪਾਲਣਾ ਫ਼ਤਵੇ ਦੀ 'ਸਿਬਲੀ' ਵੀ ਕਰ ਗਿਆ ਸੀ
ਫੁੱਲ 'ਦੋ' 'ਮਨਸੂਰ' ਦੇ ਮਾਰ ਦਿੱਤੇ

ਵੇਂਹਦਿਆਂ-ਵੇਂਹਦਿਆਂ ਧਾਹੀਂ 'ਮਨਸੂਰ' ਰੋਇਆ
ਫੁੱਲ ਯਾਰ ਦੇ ਵਾਂਗ ਕਟਾਰ ਲੱਗੇ
ਭੋਲੀ ਦੁਨੀਆਂ ਨੂੰ ਤਾਂ ਪਤਾ ਨਹੀਂ ਸੀ ਦੋਸਤਾ ਓਏ
ਤੇਰੇ ਫੁੱਲ ਮੈਨੂੰ ਵਾਂਗ ਤਲਵਾਰ ਵੱਜੇ

ਸਲਾਮ ਆਖ਼ਰੀ ਗੱਲ ਸੁਣ ਸਿਬਲੀਆ ਓਏ
ਅੱਜ ਲੋਕਾਂ ਵਾਂਗ ਜੇ ਤੂੰ ਦੁਰਕਾਰਦਾ ਨਾ
ਲੱਖ ਬਦਲਗੀ ਦੁਨੀਆਂ ਪਰ ਤੂੰ ਬਦਲਦਾ ਨਾ
ਇਹਨਾਂ ਲੋਕਾਂ ਤੋਂ 'ਮਨਸੂਰ' ਕਦੇ ਹਾਰਦਾ ਨਾ

ਕੈਟਾਂ ਦੇ ਨਾਂ

ਕੋਈ ਨਹੀਂ ਗਿਲਾ, ਮੈਨੂੰ ਤੇਰੀ ਕਮੀਨਗੀ ਤੇ
ਮੇਰੀ ਸ਼ਰਾਫ਼ਤ ਹੀ, ਮੇਰੇ ਲਈ ਖ਼ਤਾ ਹੋ ਗਈ
ਕੁਝ ਕੁ ਚੰਗਿਆੜਿਆਂ ਦਾ
ਲੜਨ ਦਾ ਇਹ ਅਹਿਦ ਸੀ
ਜ਼ਿੰਦਾ ਜ਼ਮੀਰਾਂ ਦੀ
ਇਕ ਜੱਦੋ-ਜਹਿਦ ਸੀ
ਮੇਰੇ ਵਲੋਂ ਤੇਰੇ ਲਈ ਕੀਤੀ ਹੋਈ ਹਰ ਇੱਕ
ਬਦਨਸੀਬ ਦੁਆ ਵੀ, ਦਗਾ ਹੋ ਗਈ
ਕੋਈ ਨਹੀਂ ਗਿਲਾ, ਮੈਨੂੰ ਤੇਰੀ ਕਮੀਨਗੀ ਤੇ
ਮੇਰੀ ਸ਼ਰਾਫ਼ਤ ਹੀ, ਮੇਰੇ ਲਈ ਖ਼ਤਾ ਹੋ ਗਈ

ਕਹਿੰਦਾ ਸੈਂ ਤੂੰ ਤਾਂ ਤਖ਼ਤਾਂ ਨੂੰ ਮੱਲਾਂਗੇ
ਕਦਮਾਂ ਨਾ ਕਦਮ ਮਿਲਾ ਕੇ ਚੱਲਾਂਗੇ
ਕੰਬਖ਼ਤ ਕਿਸ ਮੋੜ 'ਤੇ
ਹਕੀਕਤ ਤੇਰੀ ਯਾਰਾ
ਮੰਜ਼ਿਲ ਦੇ ਰਾਹੀਆਂ ਨੂੰ
ਪਤਾ ਹੋ ਗਈ
ਕੋਈ ਨਹੀਂ ਗਿਲਾ, ਮੈਨੂੰ ਤੇਰੀ ਕਮੀਨਗੀ ਤੇ
ਮੇਰੀ ਸ਼ਰਾਫ਼ਤ ਹੀ, ਮੇਰੇ ਲਈ ਖ਼ਤਾ ਹੋ ਗਈ

ਦਿਸਦੀ ਜੋ ਸਾਹਮਣੇ
ਉਹ 'ਕਿਲੇ ਨੁਮਾ ਕੋਠੀ'
ਕਹਿੰਦਾ ਸੈਂ 'ਕੇਸਰੀ' ਨੂੰ ਉਹਦੇ ਤੇ ਝੁਲਾਣਾ
ਦੱਸ ਕਿਵੇਂ ਵਸਗੇ
'ਤਿੰਨ ਰੰਗ' ਦਿਲ 'ਚ ਤੇਰੇ

ਪਹੇਲੀ ਜੀ ਬਣ ਗਿਆ, ਤੇਰਾ ਬਦਲ ਜਾਣਾ
ਹੁਣ ਆਉਂਦੈ ਕੇ ਨਹੀਂ
ਦਿੱਲੀ ਜਿੱਤਣ ਦਾ ਸੁਪਨਾ ?
ਜਾਂ ਫਿਰ ਅਣਖਾਂ ਦੀ ਨੀਂਦ ਈ
ਹਵਾ ਹੋ ਗਈ
ਕੋਈ ਨਹੀਂ ਗਿਲਾ, ਮੈਨੂੰ ਤੇਰੀ ਕਮੀਨਗੀ ਤੇ
ਮੇਰੀ ਸ਼ਰਾਫ਼ਤ ਹੀ, ਮੇਰੇ ਲਈ ਖ਼ਤਾ ਹੋ ਗਈ

ਜਿੱਤਣ ਚੱਲੇ ਤਖ਼ਤ ਜੋ ਬਣ ਜਾਣ ਜਦ ਬਿੱਲੀਆਂ
ਕੌਮ ਤੁਰੇ ਤਾਂ ਤੁਰੇ ਦੱਸ ਕਿੰਨ੍ਹਾਂ ਦੇ ਹੌਸਲੇ
ਵੈਰੀਆਂ ਤੋਂ ਬਚਗੇ, ਪਰ ਮਾਰ ਦਿੱਤੇ ਮਿੱਤਰਾਂ
ਕਿਉਂ ਨਾਂ ਦਿਲਾਂ ਵਿੱਚ, ਫਿਰ ਆਉਣ ਦੱਸ ਤੌਖ਼ਲੇ
ਨਸ਼ਰ ਅਖ਼ਬਾਰ ਵਿੱਚ
ਹੋਵੇਗੀ ਖ਼ਬਰ ਵੇਖੀਂ
ਲਾਸ਼ ਇਥੇ "ਦੀਪ" ਦੀ
ਲਾਪਤਾ ਹੋ ਗਈ
ਕੋਈ ਨਹੀਂ ਗਿਲਾ, ਮੈਨੂੰ ਤੇਰੀ ਕਮੀਨਗੀ ਤੇ
ਮੇਰੀ ਸ਼ਰਾਫ਼ਤ ਹੀ, ਮੇਰੇ ਲਈ ਖ਼ਤਾ ਹੋ ਗਈ

ਦੁਨੀਆਂਦਾਰੀ

ਇਹ ਦੁਨੀਆਂਦਾਰੀ
ਯਾਰੋ ਮੈਨੂੰ ਨਹੀਂ ਆਉਂਦੀ
ਕਰਨੀ ਹੁਸ਼ਿਆਰੀ
ਮੈਨੂੰ ਨਹੀਂ ਆਉਂਦੀ
ਝੂਠਾ ਜਿਹਾ ਹੱਸਣਾ
ਮੈਨੂੰ ਨਹੀਂ ਆਉਂਦਾ
ਵਿਅੰਗ ਕੋਈ ਕੱਸਣਾ
ਮੈਨੂੰ ਨਹੀਂ ਆਉਂਦਾ
ਚਾਪਲੂਸੀ ਮੈਨੂੰ
ਕਰਨੀ ਨਹੀਂ ਆਉਂਦੀ
ਫੋਕੀ ਹੱਲਾ-ਸ਼ੇਰੀ ਐਵੇਂ
ਭਰਨੀ ਨਹੀਂ ਆਉਂਦੀ
ਹਰ ਗੱਲ 'ਚ ਹਾਮੀ
ਭਰ ਨਹੀਂ ਸਕਦਾ
ਧੱਕਾ ਤੇ ਧੋਖਾ
ਕਰ ਨਹੀਂ ਸਕਦਾ
ਕਦੇ-ਕਦੇ ਸੋਚ
ਇਹ ਮੈਨੂੰ ਵੀ ਨਹੀਂ ਭਾਉਂਦੀ
ਇਹ ਦੁਨੀਆਂਦਾਰੀ
ਯਾਰੋ ਮੈਨੂੰ ਨਹੀਂ ਆਉਂਦੀ

ਮਤਲਬੀ ਜਾ ਯਾਰ
ਮੈਨੂੰ ਬਣਨਾ ਨਹੀਂ ਆਉਂਦਾ
ਜੀ-ਜੀ ਵੀ ਬਹੁਤਾ
ਕਰਨਾ ਨਹੀਂ ਆਉਂਦਾ

ਨਲਾਇਕ ਤਾਂ ਹਾਂ
ਪਰ ਨਾ-ਸ਼ੁਕਰਾ ਨਹੀਂ ਹਾਂ
ਸੱਚ ਕ੍ਰਹਿਣਾ ਤਾਂ ਹਾਂ,
ਪਰ ਮੁਕਰਦਾ ਨਹੀਂ ਹਾਂ
ਯਾਰ ਹੋਣਗੇ ਗ਼ੱਦਾਰ
ਕਦੇ ਸੋਚਿਆ ਨਹੀਂ ਸੀ
ਹੋਊ ਪਿੱਠ ਪਿੱਛੇ ਵਾਰ
ਕਦੇ ਸੋਚਿਆ ਨਹੀਂ ਸੀ
ਜੋ ਉਹਨਾਂ ਨੇ ਉਚਾਰੀ
ਜ਼ੁਬਾਨ ਉਹ ਨਹੀਂ ਸੁਣਾਉਂਦੀ
ਇਹ ਦੁਨੀਆਦਾਰੀ
ਯਾਰੋ ਮੈਨੂੰ ਨਹੀਂ ਆਉਂਦੀ

ਤੁਸੀਂ ਜੋ ਆਖੀਆਂ
ਮੈਂ ਕਦੇ ਵੀ ਨਹੀਂ ਕਹਾਂਗਾ
ਡਰਿਓ ਨਾ ਯਾਰੋ
ਜੋ ਬਣੀਆਂ ਸਹਾਂਗਾ
ਮੈਂ ਸਪੱਸ਼ਟੀਕਰਨ ਨਹੀਂ ਦੇਵਾਂਗਾ
ਗੁਨਾਹਾਂ ਦਾ ਯਾਰੋ
ਮੈਂ ਰਾਹੀ ਹਾਂ ਮੰਜ਼ਿਲਾਂ ਦੇ
ਰਾਹਾਂ ਦਾ ਯਾਰੋ
ਹੋ ਸਕਦੈ ਗੈਰ-ਹਾਜ਼ਿਰ
ਮੈਂ ਮਹਿਫ਼ਲਾਂ 'ਚੋਂ ਹੋ ਜਾਂ
ਤੁਹਾਡੀ ਵਸਾਈ ਕਿਧਰੇ
ਦੁਨੀਆਂ 'ਚ ਖੋ ਜਾਂ
ਹੋਊ ਹਰ ਖ਼ਬਰ ਸੱਚੀ
ਗੁੰਮਸ਼ੁਦਾ ਠਹਿਰਾਉਂਦੀ
ਪਰ ਇਹ ਦੁਨੀਆਦਾਰੀ
ਯਾਰੋ ਮੈਨੂੰ ਨਹੀਂ ਆਉਂਦੀ

ਰੀਜ਼ਾਈਨਿੰਗ ਲੈਟਰ

ਮੇਰਿਓ ਲਫ਼ਜ਼ੋ
ਆਉ, ਇਕੱਠੇ ਹੋਵੋ
ਇਸ ਕੋਰੇ ਕਾਗਜ਼ ਦੀ ਹਿੱਕ ਉੱਤੇ
ਤਾਂ ਜੋ
ਮੈਂ ਇਸ ਦੁਨੀਆਂ ਤੋਂ ਲਿਖ ਦਿਆਂ
ਆਪਣਾ "ਅਸਤੀਫ਼ਾ"
ਉਹ ਕਹਿੰਦੇ
ਹੁਣ ਮਨੁੱਖੀ ਕਦਰਾਂ ਕੀਮਤਾਂ ਬਦਲ ਗਈਆਂ ਨੇ
ਹੁਣ ਤਾਂ ਇਹ ਵੀ ਜੱਲਾਦ ਤੈਅ ਕਰੇ
ਕਿ ਜੱਜ ਦਾ ਫ਼ੈਸਲਾ ਕੀ ਹੋਵੇ,
"ਇਕ ਮਜ਼ਲੂਮ ਤੋਂ ਮੁਲਜ਼ਮ ਤੱਕ"
ਕੀ ਫਰਕ ਐ, ਐਵੇਂ ਸ਼ਬਦਾਂ ਦਾ ਹੇਰ ਫੇਰ
ਨਾਲੇ ਇੱਕ ਬੇਕਸੂਰ ਪਤੰਗੇ ਦੀ
ਬੇਵਕਤੀ ਮੌਤ ਤੇ
ਪੂਰੀ ਤਰ੍ਹਾਂ "ਛਮਾਂ" ਜ਼ੁੰਮੇਵਾਰ ਐ
ਨਾ ਹੈਰਾਨ ਨਹੀਂ ਹੋਣਾਂ
ਇਹੋ ਈ ਤਾਂ ਸੰਸਾਰ ਐ
ਮੈਨੂੰ ਨਹੀਂ ਸੀ ਪਤਾ
ਕਿ ਚੰਗਿਆਈ ਤੋਂ ਚਾਪਲੂਸੀ ਜ਼ਿਆਦਾ ਗੁਣਾਕਾਰੀ
ਝੂਠ, ਫ਼ਰੇਬ, ਮੱਕਾਰੀ ਤੇ ਧੋਖਾ ਇਹੀ ਸਭ ਕੁਝ
ਦੁਨੀਆਂਦਾਰੀ ਐ
ਇਹ ਮੈਨੂੰ ਨਹੀਂ ਆਈ
ਤੇ ਮੈਂ ਸਿੱਖਣੀ ਵੀ ਨਹੀਂ ਚਾਹੁੰਦਾ
ਤੇ ਇਹੋ ਜਿਹੀ ਦੁਨੀਆਂਦਾਰੀ ਦੀ ਉਮੀਦ ਵੀ

ਮੈਂ ਕਦੇ ਨਹੀਂ ਸੀ ਕੀਤੀ
ਆਪਣਿਆਂ ਕੋਲੋਂ ਤਾਂ ਬਿਲਕੁੱਲ ਨਹੀਂ
ਚਲੋ ਖ਼ੈਰ
ਕੋਈ ਗੱਲ ਨਹੀਂ
ਮੈਂ ਆਪਣਾ "ਕਤਲਨਾਮਾ" ਪੜ੍ਹ ਲਿਐ
ਇਸ ਲਈ ਹੁਣ ਇੱਕ ਫ਼ੈਸਲਾ ਵੀ ਕਰ ਲਿਐ
ਆਪਣੇ ਉਨ੍ਹਾਂ ਦੋਸਤਾਂ ਲਈ
ਜਿਹੜੇ ਹਰ ਵਾਰ ਮਿਲਦੇ ਤੇ ਕਹਿੰਦੇ ਸੀ
"ਦੀਪ" ਯਾਰ ਦੇ ਕੋਈ ਸੁੱਖ-ਸੁਨੇਹਾਂ
ਦੋਸਤੋ
ਹਜ਼ਾਰਾਂ ਸਧਰਾਂ ਦੇ ਕਤਲੇਆਮ ਤੋਂ ਬਾਅਦ
ਡੁੱਲ੍ਹੇ ਹੋਏ ਲਹੂ ਨਾਲ
ਇਸ ਕੋਰੇ ਕਾਗ਼ਜ਼ ਦੀ ਹਿੱਕ ਤੇ ਉਕਰਿਆ
ਆਹ ਲਉ, ਦੇ ਛਿੱਤਾ
ਸਾਂਭ ਲਉ
"ਮੇਰਾ ਅਸਤੀਫ਼ਾ"
ਇਸ ਦੁਨੀਆਂ ਤੋਂ
ਅਲਵਿਦਾ !.....
ਨਾ ਤੁਹਾਡਾ, ਨਾ ਆਪਣਾ
"ਦੀਪ"

ਕੇਸਗੜ੍ਹ ਦੀ ਲਲਕਾਰ

ਅੱਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ
ਕੇਸਗੜ੍ਹੋਂ ਜਦੋਂ ਸਾਨੂੰ ਲਲਕਾਰਿਆ ਸੀ
ਗਲੀ ਯਾਰ ਦੀ ਤਲੀ ਤੇ ਸੀਸ ਧਰ ਲੈ
ਸੁੱਤੀ ਪਈ ਤੂੰ ਅਣਖ ਨੂੰ ਵੰਗਾਰਿਆ ਸੀ

ਮੁਰਦਾ ਸਦੀਆਂ ਤੋਂ ਤੁਹਾਡੀ ਜ਼ਮੀਰ ਵੇਖੀ
ਦੱਸਣ ਲੱਗਿਐਂ ਜਿਊਣ ਦਾ ਢੰਗ ਸਿੱਖੋ
ਜਿਹੜੀ ਆਈ ਐ ਚੜ੍ਹਕੇ ਕਾਬਲਾਂ ਤੋਂ
ਕਿੰਵ ਮੋੜਨੀ ਪਾਪ ਦੀ ਜੰਵ ਸਿੱਖੋ

ਮਿਹਰ ਅਕਾਲ ਦੀ ਕੋਈ ਨਹੀਂ ਘਾਟ ਇਥੇ
ਕਿਸੇ ਚੀਜ਼ ਦੀ ਕੋਈ ਨਾ ਥੋੜ ਮੈਨੂੰ
ਇੱਕੋ ਮੰਗ ਕੋਈ ਗੁਰੂ ਦਾ ਸਿੱਖ ਉਠੇ
ਇੱਕ ਸਿਰ ਦੀ ਪੈ ਗਈ ਅੱਜ ਲੋੜ ਮੈਨੂੰ

ਬੜੇ ਬੈਠੇ ਸੀ ਉਦੋਂ ਤਮਾਸ਼ਬੀਨ ਉਥੇ
ਉਂਝ ਗਿਣਤੀ ਸੀ ਅੱਸੀ ਹਜ਼ਾਰ ਸੁਣਿਆਂ
ਪਹਿਲੀ ਵਾਰ ਜਦ ਸੀਸ ਦੀ ਤੂੰ ਮੰਗ ਕੀਤੀ
ਬਹੁਤੇ ਹੋ ਗਏ ਉਦੋਂ ਈ ਫ਼ਰਾਰ ਸੁਣਿਆਂ

ਵੈਰੀ ਆਟੇ ਦੇ ਜਿਹੜੇ ਸੀ ਸਿੱਖ ਤੇਰੇ
ਮਾਤਾ ਗੁਜ਼ਰੀ ਕੋਲ ਬੇਨਤੀਆਂ ਕਰਨ ਲੱਗੇ
ਕੀ ਹੋਇਆ ਅੱਜ ਮਾਤਾ ਤੇਰੇ ਲਾਲ ਤਾਈਂ
ਬਿਨਾਂ ਕਸੂਰੋਂ ਕਿਉਂ ਸਿੱਖ ਅੱਜ ਮਰਨ ਲੱਗੇ

ਕੇਸਗੜ੍ਹ ਦੇ ਕਿਲ੍ਹੇ ਵਿੱਚ ਵੇਖ ਤਾਂ ਸਹੀ
ਕਿੰਞ ਧਰਤੀ ਏ ਲਹੂ ਲੁਹਾਨ ਹੋਈ
ਖ਼ਤਮ ਕਰਦੇ ਨਾਂ ਸਿੱਖੀ ਜਾ ਕੇ ਰੋਕ ਉਹਨੂੰ
ਤੇਰੇ ਗੋਬਿੰਦ ਤੇ ਚੰਡੀ ਕਹਿਰਵਾਨ ਹੋਈ

ਨੀਂਹ ਸਿੱਖੀ ਦੀ ਪੱਕੀ ਬਾਪੂ ਕਰਨ ਲੱਗਿਆ
ਉਹ ਕਹਿੰਦੇ ਸਿੱਖੀ ਨੂੰ ਗੋਬਿੰਦ ਮੁਕਾਈ ਜਾਂਦੈ
ਗੁਰੂ ਨਾਨਕ ਦਾ ਇਹ ਗੱਦੀ ਨਸ਼ੀਨ ਕੈਸਾ
ਜਿਹੜਾ ਆਪਣੇ ਈ ਸਿੱਖ ਝਟਕਾਈ ਜਾਂਦੈ

ਕੀ ਹੋ ਗਿਆ ਚੋਣਾਂ ਜੇ ਅੱਜ ਹਾਰ ਗਏ ਆਂ
ਭੋਲੀ ਦੁਨੀਆਂ ਤੇ ਕੋਈ ਨਹੀਂ ਰੰਜ ਬਾਪੂ
ਕੇਸਗੜ੍ਹ ਉਦੋਂ ਤੇਰੀ ਲਲਕਾਰ ਸੁਣਕੇ
ਵੋਟਾਂ ਪਈਆਂ ਸੀ ਤੈਨੂੰ ਵੀ "ਪੰਜ" ਬਾਪੂ

ਉਹਨਾਂ ਪੰਜਾਂ 'ਚੋ ਚੁਣਿਆ ਤੂੰ ਪੰਥ ਜਿਹੜਾ
ਕਿਹੜੀ ਮੌਤ ਨਹੀਂ ਮਾਰਿਆ ਦੱਸ ਜ਼ਾਲਮਾਂ ਨੇ
ਹੁਨਰ ਜਿਊਣ ਦਾ ਦੱਸਿਆ ਤੂੰ ਜਿਉਂ ਰਹੇ ਆਂ
ਕਿਸੇ ਪਾਸਿਓਂ ਨਹੀਂ ਕੀਤੀ ਘੱਟ ਜ਼ਾਲਮਾਂ ਨੇ

ਜੇ ਨਾ ਉਦੋਂ ਤੂੰ ਪੰਜਾਂ ਦੀ ਚੋਣ ਕਰਦਾ
ਗੱਲ ਇੱਕ ਤਾਂ ਬਾਪੂ ਇਹ ਤੈਅ ਹੁੰਦੀ
ਬੇਦਰਦ ਉਸ ਦਿੱਲੀ ਦੇ ਤਖ਼ਤ ਉੱਤੇ
"ਇੰਦਰਾ" ਨਾਂ ਦੀ ਕੋਈ ਨਾ ਸ਼ੈਅ ਹੁੰਦੀ

ਹਾਂ ਹੋ ਸਕਦੈ ਅਬਦਾਲੀ ਦੇ ਦਰਬਾਰ ਅੰਦਰ
ਠੁਮਕਾ ਕਦੇ ਤਾਂ "ਮੁਹਤਰਮਾ" ਜ਼ਰੂਰ ਲਾਉਂਦੀ

ਨਜ਼ਰਾਨੇ, ਸ਼ੁਕਰਾਨੇ ਵਸੂਲਦੀ ਖ਼ੁਸ਼ ਹੋ ਕੇ
ਲੈ ਕੇ ਹੁੱਕਾ ਵੀ ਕਦੇ ਜ਼ਰੂਰ ਆਉਂਦੀ

ਲਾਲ ਕਿਲ੍ਹੇ ਤੇ ਝੂਲਦਾ ਚੰਦ ਤਾਰਾ
ਗੱਡਦਾ ਉਦੋਂ ਨਾ ਜੇ ਕੇਸਰੀ ਨਿਸ਼ਾਨ ਸਾਹਿਬਾ
ਪਿਤਾ ਤੋਰਦਾ ਨਾ ਦਿੱਲੀ ਦੇ ਵੱਲ ਜੇਕਰ
ਚੌਕ ਚਾਂਦਨੀ ਹੁੰਦਾ ਵੀਰਾਨ ਸਾਹਿਬਾ

ਟੱਲ ਮੰਦਰਾਂ ਵਿੱਚ ਕਦੇ ਨਾ ਵੱਜਣੇ ਸੀ
ਰਣਜੀਤ ਨਗਾਰੇ ਦੀ ਜੇ ਨਾ ਗੂੰਜ ਸੁਣਦੀ
ਮਿਟ ਜਾਣਾ ਸੀ ਧੋਤੀਆਂ, ਟੋਪੀਆਂ ਨੇ
ਗਈ ਗਜ਼ਨੀ ਨਾ ਕੋਈ ਵੀ ਕੂੰਜ ਮੁੜਦੀ

ਹਿੰਦੁਸਤਾਨ ਦੀਆਂ ਕੰਧਾਂ ਨੇ ਸੀ ਡਿੱਗ ਪੈਣਾ
ਨੀਹਾਂ ਵਿੱਚ ਨਾ ਖੜ੍ਹਦੇ ਜੇ ਲਾਲ ਤੇਰੇ
ਚਰਖਾ ਗਾਂਧੀ ਨੇ ਕਦੇ ਨਾ ਕੱਤਣਾ ਸੀ
ਚਮਕੌਰ ਗੜ੍ਹੀ ਨਾ ਲੜਦੇ ਜੇ ਲਾਲ ਤੇਰੇ

ਮਿਹਰਵਾਨ ਹੋ ਅੱਜ ਫੇਰ ਕੌਮ ਉੱਤੇ
ਕੇਸਗੜ੍ਹੋਂ ਤੂੰ ਫੇਰ ਲਲਕਾਰ ਸਾਹਿਬਾ
ਬੈਠੇ ਗੋਲਕਾਂ ਦੇ ਵੱਲ ਮਾੜੀ ਨੀਤ ਵੇਖਣ
ਉਦੋਂ ਨਾਲੋਂ ਵੱਧ ਕਈ ਹਜ਼ਾਰ ਸਾਹਿਬਾ

"ਦੀਪ" ਖੜ੍ਹਾ ਤੇਰੇ ਦਰ ਤੋਂ ਭੀਖ ਮੰਗੇ
ਆਪਣੀ ਕੌਮ ਦੇ ਫੇਰ ਅੱਜ ਦੁੱਖ ਹਰ ਲਏ
ਵਾਜ਼ਾਂ ਵਾਲਿਆ ਪੰਥ ਦੇ ਬਾਲੀਆ ਉਏ
ਇੱਕ ਵਾਰ ਫੇਰ "ਪੰਜਾਂ" ਦੀ ਚੋਣ ਕਰ ਲਏ

ਸ਼ਿਕਵਾ

ਨਿਕਲਿਆ ਅੱਧੀ ਰਾਤੀਂ ਗੜੀ ਚਮਕੌਰ ਵਿੱਚੋਂ
ਦੋ ਗਿੱਠ ਕੱਫ਼ਣ ਜੇ ਅਜੀਤ ਤੇ ਪਾ ਜਾਂਦਾ
ਵੇਖ ਕੇ ਲਾਲਾਂ ਨੂੰ ਅਣਡਿੱਠ ਨਾ ਕਰਦਾ
ਲਾਸ਼ ਜੁਝਾਰ ਦੀ ਹਿੱਕ ਨਾਲ ਲਾ ਜਾਂਦਾ

ਸਿੰਘਾਂ ਦੇ ਕੇਸਾਂ ਦੀ ਹੋਵੇ ਨਾਂ ਬੇਅਦਬੀ
ਇਹ ਸੋਚ ਕੇ ਜੇ ਜੋੜਾ ਉਤਾਰਦਾ ਨਾ
ਤਾਜ਼ ਬਾਜ਼ ਸਭ ਬਖ਼ਸ਼ਕੇ ਖ਼ਾਲਸੇ ਨੂੰ
ਹੁਕਮ 'ਪੰਜਾਂ' ਦਾ ਜੇ ਉਦੋਂ ਸਤਿਕਾਰਦਾ ਨਾ

ਜਾ ਰਿਹੈਂ ਜੇ ਹਿੰਮਤ ਹੈ ਤਾਂ ਰੋਕ ਵੇਖੋ
ਬਾਪੂ ਕਹਿੰਦਾ ਨਾ ਤਾੜੀ ਜੇ ਮਾਰਕੇ ਤੂੰ
ਮਾਛੀਵਾੜੇ 'ਚੋਂ ਸ਼ੁਕਰਾਨਾ ਜੇ ਨਾ ਕਰਦਾ
ਸਿੱਖ ਜਾਨ ਤੋਂ ਪਿਆਰੇ ਵਾਰ ਕੇ ਤੂੰ

ਦੁੱਧ ਅੱਕ ਦਾ ਪੀਂਦਾ ਨਾ ਹੱਸਕੇ ਜੇ
ਲੱਗੀ ਸੀ ਪਾਣੀ ਦੀ ਜਦੋਂ ਪਿਆਸ ਸਾਹਿਬਾ
ਤਾਜ਼, ਬਾਜ਼, ਸਿੱਖ ਵਾਰ ਕੇ ਲਾਲ ਚਾਰੇ
ਨਾ ਕਰਦਾ ਜੇ ਸ਼ੁਕਰਾਨੇ ਦੀ ਅਰਦਾਸ ਸਾਹਿਬਾ

ਪੁੱਤ ਵਾਰਨ ਤੋਂ ਪਹਿਲਾਂ ਉਦੋਂ ਇੱਕ ਵਾਰੀ
ਵਾਜ਼ਾਂ ਵਾਲਿਆ ਤੂੰ ਵੀ ਜੇ ਸੋਚ ਲੈਂਦਾ
ਗਾਂਧੀ, ਨਹਿਰੂ ਨਾ ਇਤਿਹਾਸ 'ਚੋਂ ਲੱਭਣੇ ਸੀ
ਅੱਜ ਤੱਕ ਇਹ ਦੇਸ਼ ਗੁਲਾਮ ਰਹਿੰਦਾ

ਕੈਸਾ ਵੇਖਿਆ ਦੇਸ਼ ਮੈਂ ਅਕ੍ਰਿਤਘਣ ਇਹ
ਸੋਚ ਗੰਗੂਆਂ ਦੀ ਫੇਰ ਅਪਣਾਈ ਫਿਰਦਾ
ਵਾਜ਼ਾਂ ਵਾਲਿਆ ਭੁੱਲ ਕੇ ਅਹਿਸਾਨ ਤੇਰੇ
ਅੱਜ ਗਾਂਧੀ ਨੂੰ "ਬਾਪੂ" ਬਣਾਈ ਫਿਰਦਾ

ਸੂਚਨਾਂ

ਖ਼ਬਰਦਾਰ ਹੋਸ਼ਿਆਰ
ਸੁਣੋ ਸੁਣੋ ਸੁਣੋ
ਬੀਆਬਾਨ ਜੰਗਲ ਵਿੱਚ ਰਹਿੰਦੇ
ਜਾਨਵਰ ਭਰਾਵੋ
ਰੋਹੀਆਂ ਵਾਲੀ ਝਿੜੀ 'ਚੋਂ
ਹੁਣੇ-ਹੁਣੇ ਖ਼ਬਰ ਮਿਲੀ ਏ
ਕਿ ਦਿੱਲੀ ਵਿੱਚ ਕੁਝ
ਹਲਕੇ ਹੋਏ ਮਨੁੱਖ ਵੇਖੇ ਗਏ ਨੇ
ਉਹਨਾਂ ਦੇ ਹੱਥਾਂ ਵਿੱਚ
ਟਾਇਰ ਤੇ ਪੈਟਰੌਲ ਹੋਣ ਦਾ ਵੀ ਖਦਸ਼ਾ ਏ
ਸੁਣਨ ਵਿਚ ਇਹ ਵੀ ਆਇਆ ਏ
ਕਿ "ਆਦਮ ਜਾਤ" ਖਾਨਾਜੰਗੀ ਵੱਲ ਵੱਧ ਰਹੀ ਏ
'ਟੋਮੀ' ਕੁੱਤੇ ਨੇ ਖ਼ਬਰ ਦਿੱਤੀ ਏ
ਕਿ ਕੱਲ ਰਾਤ ਇੰਦਰਾਪੁਰੀ ਵਿੱਚ
'ਆਦਮ ਜਾਤ' ਦੇ ਬੱਚੇ ਤੇ ਔਰਤਾਂ ਨੂੰ
ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ ਏ
ਇਸ ਲਈ
ਹਰ ਆਮ ਤੇ ਖਾਸ ਨੂੰ
ਸੂਚਿਤ ਕੀਤਾ ਜਾਂਦਾ ਏ
ਕਿ ਬੀਆਬਾਨ ਜੰਗਲ ਵਿੱਚ
ਸਾਂਤੀ ਬਣਾਈ ਰੱਖਣ ਲਈ
'ਇਨਸਾਨੀਅਤ' ਬਿਰਤੀ ਦੇ ਜਾਨਵਰਾਂ ਤੇ
ਸਖ਼ਤ ਨਜ਼ਰ ਰੱਖੀ ਜਾਵੇ !!!

ਗੁੰਮਸ਼ੁਦਾ

ਬੀਆਬਾਨ ਜੰਗਲ ਦੇ
ਸਾਰੇ ਜਾਨਵਰਾਂ ਦੇ ਨਾਂ
'ਆਦਮ ਜਾਤ' ਵੱਲੋਂ
ਇੱਕ ਸੰਦੇਸ਼
ਜ਼ਾਰੀ ਕੀਤਾ ਗਿਆ ਏ
ਸੁਣੋ ਸੁਣੋ ਸੁਣੋ
ਖੂੰਖਾਰ ਜਾਨਵਰਾਂ ਨੂੰ
ਸੂਚਿਤ ਕੀਤਾ ਜਾਂਦਾ ਏ
ਕਿ ਸਾਡੀਆਂ ਤਿੰਨ ਚੀਜ਼ਾਂ
ਧਰਮ
ਇਮਾਨ
ਤੇ ਇਨਸਾਨੀਅਤ
ਚੋਰੀ ਹੋ ਗਈਆਂ ਨੇ
ਜੇ ਕਿਤੇ ਤੁਹਾਨੂੰ ਲੱਭੀਆਂ ਹੋਣ
ਜਾਂ ਲੱਭ ਜਾਣ ਦੀ ਸੂਰਤ ਵਿੱਚ
ਇਹ ਸਾਨੂੰ ਵਾਪਸ ਨਾ ਕੀਤੀਆਂ ਜਾਣ
ਦੱਸਣ ਵਾਲੇ ਨੂੰ ਮੌਤ ਤੋਂ ਇਲਾਵਾ ਵੀ
ਵਾਜ਼ਿਬ ਇਨਾਮ ਦਿੱਤਾ ਜਾਵੇਗਾ
ਸਾਨੂੰ ਹੁਣ ਇਹਨਾਂ ਦੀ ਕੋਈ ਲੋੜ ਨਹੀਂ
ਹਾਂ ਪਸ਼ੂ ਬਿਰਤੀ ਵਾਲਿਓ
ਜੇ ਤੁਹਾਨੂੰ ਲੋੜ ਹੋਵੇ ਤਾਂ ਜ਼ਰੂਰ ਰੱਖਣਾ
ਪਰ ਸਾਨੂੰ ਨਾ ਦੱਸਣਾ
"ਹੈਵਾਨੀਅਤ ਜ਼ਿੰਦਾਬਾਦ"

ਉਹ ਪਲ

ਨਹੀਓਂ ਹੁੰਦੀ ਉਹ ਕਦੇ ਮਿਲਾਪ ਅੰਦਰ
ਜਿਹੜੀ ਕਸਕ ਹਿਜ਼ਰ ਦੇ ਵਿੱਚ ਹੁੰਦੀ
ਨਹੀਂ ਚਿਹਰੇ ਤੋਂ ਕਦੇ ਬਿਆਨ ਹੁੰਦੀ
ਜਿਹੜੀ ਤੜਪ ਜਿਗਰ ਦੇ ਵਿੱਚ ਹੁੰਦੀ

ਮੰਜ਼ਿਲ ਸਾਹਮਣੇ ਤੇ ਰਾਹੀ ਇਨਕਾਰ ਕਰਦੇ
ਐਨੀ ਛੇਤੀ ਨਹੀਂ ਮੇਲ ਪਸੰਦ ਮੈਨੂੰ
ਅਜੇ ਮੁਸਾਫ਼ਿਰ ਮੈਂ ਬਣਨਾ ਲੋਚਦਾ ਹਾਂ
ਤੇਰੀ ਚਾਹਤ 'ਚ ਬੜਾ ਆਨੰਦ ਮੈਨੂੰ

ਸਾਰੀ ਰਾਤ ਇੱਕ ਚੱਕਵੀ ਅਰਦਾਸ ਕਰਦੀ
ਸੁਵਾ ਵੇਖਾਂਗੀ ਸੂਰਜਾ ਚੜ੍ਹੇਂਗਾ ਤੂੰ
ਸਾਰਾ ਦਿਨ ਚਕੋਰ ਚੰਦ ਨੂੰ ਉਡੀਕ ਮਰਦੀ
ਵਿਹੜੇ ਤਾਰਿਆਂ ਦੇ ਰਾਤ ਨੂੰ ਵੜੇਂਗਾ ਤੂੰ

ਪ੍ਰਵਾਨਾ ਛਮਾਂ ਤੋਂ ਸੜਨ ਲਈ ਸੋਚਦਾ ਜਦ
ਆਪਣੀ ਮੌਤ ਨੂੰ ਮਨੋਂ ਵਿਸਾਰ ਦਿੰਦਾ
ਬੱਸ ਲੋਚਦਾ ਇੱਕ ਕੁਰਬਾਨ ਹੋਣਾ
ਆਪਣੀ ਜਾਨ ਨੂੰ ਛਮਾਂ ਤੋਂ ਵਾਰ ਦਿੰਦਾ

ਇੱਕ ਵੱਖਰਾ ਉਹਨੂੰ ਸਕੂਨ ਦਿੰਦੇ
ਉਹ 'ਸੜਨ ਤੋਂ ਪਹਿਲਾਂ' ਦੇ ਪਲ ਜਿਹੜੇ
ਸ਼ਾਇਦ ਖ਼ੁਦਾਈ ਵੀ ਉਦੋਂ ਠੁਕਰਾ ਸਕਦੇ
ਉਹ 'ਮਰਨ ਤੋਂ ਪਹਿਲਾਂ' ਦੇ ਪਲ ਜਿਹੜੇ

ਗ਼ੱਦਾਰਾਂ ਦੀ ਵਾਰ

ਜਿਹੜੇ ਸਾਨੂੰ ਸੀ ਸਿਖਾਉਂਦੇ ਵਫ਼ਾਦਾਰੀਆਂ
ਖ਼ੁਦ ਵਫ਼ਾਦਾਰ ਨਾ ਰਹੇ,
ਬੇੜੀ ਡੋਬਤੀ
ਡੋਬਤੀ ਕੌਮ ਵਾਲੀ ਲੀਡਰਾਂ, ਗੰਗੂਆਂ ਨਾ ਪਾ ਕੇ ਯਾਰੀਆਂ
ਸੌਦਾ ਕਰ ਲਿਆ
ਕਰ ਲਿਆ ਬਦਲੇ 'ਚ ਲੈ ਕੇ ਕੁਰਸੀ, ਵੇਚ ਦਿੱਤਾ ਪਾਣੀਆਂ ਨੂੰ
ਟੱਕ ਲਾਤਾ
ਲਾ ਤਾ ਸੋਨੇ ਦੀ ਕਹੀ ਫੜਕੇ ਹਿੱਕ ਉੱਤੇ ਵਾਰ ਕਰਕੇ,
ਅੱਜ ਵੱਢਤੀ
ਵੱਢਤੀ ਬਈ ਸਾਹ ਰਗ ਪੰਜਾਬ ਦੀ, ਡੋਗਰਿਆਂ ਵਾਰਸਾਂ ਨੇ,
ਜਿਹੜੇ ਸਾੜਦੇ
ਸਾੜਦੇ ਸੀ ਸੰਵਿਧਾਨ ਦੀਆਂ ਕਾਪੀਆਂ ਉਹੀ ਵੇਖੇ ਸੌਂਹਾਂ ਚੁੱਕਦੇ,
ਜਾ ਕੇ ਦਿੱਲੀ
ਦਿੱਲੀ ਸੀ 25-B ਧਾਰਾ ਸਾੜਦੇ, ਬਣੇ ਸੀ ਹਿਤੈਸ਼ੀ ਕੌਮ ਦੇ,
ਹੋ ਜਾਉ ਬਾਗ਼ੀ
ਬਾਗ਼ੀ ਸੀ ਕਰਦੇ ਅਪੀਲਾਂ, ਨਿੱਤ ਦਿਨ ਫ਼ੌਜੀਆਂ ਨੂੰ,
ਅੱਜ ਢਾਹਤਾ
ਢਾਹਤਾ ਸਾਡਾ ਹਰਿਮੰਦਰ ਵੈਰੀਆਂ ਨੇ ਹੱਲਾ ਕਰਕੇ,
ਲੈਣੇ ਬਦਲੇ
ਲੈਣੇ ਬਦਲੇ ਅਸੀਂ ਗਿਣ-ਗਿਣਕੇ, ਛੱਡ ਦਿਉ ਬੈਰਕਾਂ ਨੂੰ,
ਅੱਜ ਬਣਗੀ
ਬਣਗੀ ਭੀੜ ਕੌਮ ਤੇ ਭਾਰੀ, ਹਿੰਦ ਨਾਲ ਜੰਗ ਛਿੜ ਪਈ,
ਸਾਰ ਲਈ ਨਾ
ਲਈ ਨਾ ਕੌਮ ਦੀ ਮੁੜਕੇ, ਵਫ਼ਾਦਾਰ ਬਣੇ ਹਿੰਦ ਦੇ,
ਵੀਰਿਉ ਵੀਰਿਉ
ਕਰਿਓ ਨਾ ਯਕੀਨ ਇਨ੍ਹਾਂ ਤੇ ਉਏ ਕੌਮੀ ਹੀਰਿਉ

ਅਣਖਾਂ ਦੀ ਵਾਰ

ਅੱਜ ਘੇਰ ਲਿਆ ਸਾਡਾ ਹਰਿਮੰਦਰ, ਵੈਰੀਆਂ ਨੇ ਹੱਲਾ ਕਰਕੇ
ਨਾਲ ਤੋਪਾਂ ਦੇ,
ਤੋਪਾਂ ਦੇ ਤਹਿਸ ਨਹਿਸ ਕਰਤਾ, ਤਖ਼ਤ ਅਕਾਲ ਹਿੰਦ ਨੇ
ਮਾਰੀ ਸੰਗਤ,
ਸੰਗਤ ਪਾਪੀਆਂ ਬੇਦੋਸ਼ੀ ਆਈ ਸੀ ਮਨਾਉਣ ਪੂਰਬ ਨੂੰ
ਮੇਰਾ ਸੂਰਮਾ,
ਸੂਰਮਾ ਉਹ ਭਿੰਡਰਾਂਵਾਲਾ ਵਾਰ ਗਿਆ ਜਾਨ ਹੱਸ ਕੇ
ਹੱਥ ਖੜੇ ਨਹੀਂ,
ਖੜੇ ਕੀਤੇ ਨਹੀਓਂ ਮਰਦ ਦਲੇਰ ਨੇ ਲੱਖਾਂ ਨਾਲ ਲੋਹਾ ਲੈ ਲਿਆ
ਨਾਲ ਜਨਰਲ,
ਜਨਰਲ ਸਿੰਘ ਜੋ ਸੁਬੇਗ ਸੀ ਵਾਰ ਗਿਆ ਜਾਨ ਕੌਮ ਤੋਂ
ਅਮਰ ਹੋ ਗਿਆ,
ਹੋ ਗਿਆ ਸਿੰਘ ਅਮਰੀਕ ਵੀ ਕਹੇ ਕੌਲ ਪੂਰੇ ਕਰਕੇ
ਵਾਰੀ ਆਪਣੀ,
ਆਪਣੀ ਹੁਣ ਫ਼ਰਜ਼ ਪਛਾਣੀਏ, ਕਸਮ ਡੁੱਲ੍ਹੇ ਹੋਏ ਖ਼ੂਨ ਦੀ
ਪੈ ਗਈ ਖ਼ਤਰੇ,
ਖ਼ਤਰੇ ਕੌਮ ਵਾਲੀ ਆਬਰੂ, ਡਿੱਗੀ ਹੋਈ ਪੱਗ ਸਾਂਭੀਏ
ਲੈਣੇ ਬਦਲੇ,
ਬਦਲੇ ਅਸੀਂ ਗਿਣ-ਗਿਣ ਕੇ ਸੋਧ ਦੇਣਾ ਦੋਸ਼ੀਆਂ ਨੂੰ
ਨਹੀਓਂ ਭੁੱਲਣਾ
ਭੁੱਲਣਾ ਉਹ ਸਾਲ 'ਚੁਰਾਸੀ' ਸਾਰੇ ਦੁੱਖ ਭੁੱਲ ਜਾਣਗੇ
ਜਿਵੇਂ ਸੋਧਿਆ
ਸੋਧਿਆ ਊਧਮ ਸਿੰਘ ਸ਼ੇਰ ਨੇ ਵਿੱਚ ਜਾ ਕੇ ਲੰਡਨ ਸ਼ਹਿਰ ਦੇ
ਉਡਵਾਇਰ ਨੂੰ, ਉਡਵਾਇਰ ਨੂੰ
ਕਸਮ ਡੁੱਲ੍ਹੇ ਹੋਏ ਖ਼ੂਨ ਦੀ
ਛੱਡਣਾਂ ਨਹੀਂ ਕਿਸੇ ਕਾਇਰ ਨੂੰ

ਜਿੱਤ ਦੀ ਵਾਰ

ਮਾਰੀ ਇੰਦਰਾ ਬਈ ਮਰਦ ਦਲੇਰਾਂ ਕਿੱਡਾ ਵੱਡਾ ਕੀਤਾ ਹੌਸਲਾ
ਰਾਣੀ ਹਿੰਦ ਦੀ,
ਹਿੰਦ ਦੀ ਸ਼ੇਰਾਂ ਦੇ ਵੱਸ ਪੈ ਗਈ ਗਿਣ-ਗਿਣ ਲੈਣੇ ਬਦਲੇ
ਅੱਜ ਕਰਦੀ
ਕਰਦੀ ਸਿੰਘਾਂ ਦੀਆਂ ਮਿੰਨਤਾਂ, ਪੈਰਾਂ ਤੇ ਸੀ ਸਿਰ ਧਰਦੀ
ਮਾਫ਼ੀ ਮੰਗਦੀ
ਮੰਗਦੀ ਸੀ ਅੱਡ-ਅੱਡ ਝੋਲੀਆਂ, ਮੂਹਰੇ ਖੜੀ ਮੌਤ ਮੋੜਦੀ
ਕਹਿੰਦੀ ਭੁੱਲਗੀ
ਭੁੱਲ ਗਈ ਮੈਂ ਜੈਕਟ ਪਾਉਣੀ, ਕਾਲ ਨਾਲ ਹੋਗੀ ਮਿਲਣੀ
ਅੱਜ ਛੱਡ ਦਿਓ
ਛੱਡ ਦਿਓ ਵਧਾ ਦਿਓਂ ਅਹੁਦੇ, ਤੁਸੀਂ ਮੇਰੇ ਪੁੱਤਾਂ ਵਰਗੇ
ਮੈਂ ਤਾਂ ਭੁੱਲਗੀ
ਭੁੱਲ ਗਈ ਸਿੰਘਾਂ ਨਾ ਪੰਗਾ ਲੈ ਲਿਆ, ਸ਼ਹਿ ਦਿੱਤੀ 'ਕਾਲੀਆਂ ਨੇ
ਨਾਲ ਜੈਲੂ
ਜੈਲੂ, ਦਰਬਾਰਾ ਤੇ ਬੂਟੀ, ਚੌਥਾ ਸਾਧ ਲੌਂਗੋਵਾਲੀਆ
ਅੱਜ ਕੋਈ ਨਾ
ਕੋਈ ਨਾ ਕੋਲ ਹੁਣ ਮੇਰੇ, ਵੱਸ ਪੈ ਗਈ ਕੱਲੀ ਜਮਾਂ ਦੇ
ਯਾਰ ਜੁੰਡੀ ਦੇ
ਜੁੰਡੀ ਦੇ ਛੱਡ ਗਏ ਮੈਨੂੰ, ਕੀਤੀਆਂ ਦੇ ਫਲ ਪਾਉਣ ਲਈ
ਕਿਹਾ ਸਿੰਘਾਂ ਨੇ,
ਸਿੰਘਾਂ ਨੇ ਨੀ ਚੁੱਪ ਕਰ ਰਾਣੀਏ, ਹੁਣ ਕਾਹਨੂੰ ਕਰੇਂ ਮਿੰਨਤਾਂ
ਪਹਿਲਾਂ ਸੋਚਿਆ,
ਪਹਿਲਾਂ ਸੋਚਿਆ ਨਾ ਜ਼ੁਲਮ ਕਮਾਉਣ ਤੋਂ, ਸਿੰਘਾਂ ਨਾਲ ਮੱਥਾ ਲਾ
ਲਿਆ

ਪੜ੍ਹਕੇ ਵੇਖਦੀ
ਵੇਖਦੀ ਇਤਿਹਾਸ ਵਾਲੇ ਪੱਤਰੇ, ਕਦੇ ਵੀ ਨਾ ਭੁੱਲ ਕਰਦੀ
ਤਖ਼ਤ ਢਾਹ'ਤਾ
ਢਾਹ'ਤਾ ਗੁਰੂ ਹਰਿਗੋਬਿੰਦ ਦਾ, ਰੱਬ ਦੀ ਸ਼ਰੀਕ ਬਣ ਗਈ
ਯਾਦ ਕਰਲੈ
ਕਰਲੈ ਜੇ ਰਾਮ ਨੂੰ ਕਰਨਾ, ਅੰਤ ਵੇਲਾ ਨੇੜੇ ਆ ਗਿਆ
ਯਾਰ ਜੁੰਡੀ ਦੇ
ਜੁੰਡੀ ਦੇ ਮਿਲਣਗੇ ਨਰਕੀਂ, ਛੇਤੀ-ਛੇਤੀ ਭੇਜ ਦਿਆਂਗੇ
ਜਿਥੇ ਪਹੁੰਚਿਆ
ਪਹੁੰਚਿਆ ਨਰਕਧਾਰੀ ਗੁਰਬਚਨਾ, ਉਥੋਂ ਦੀਆਂ ਕਰ ਤਿਆਰੀਆਂ
ਜਾਂਦੀ ਵਾਰ ਦੀ
ਵਾਰ ਦੀ ਫ਼ਤਹਿ ਹੈ ਤੈਨੂੰ, ਫਲ ਪਾ ਲੈ ਕੀਤੀਆਂ ਦੇ
ਸੀਨੇ ਠੋਕੀਆਂ
ਠੋਕੀਆਂ, ਠਾਈ ਦੀਆਂ, ਠਾਈ ਥਾਂ ਉੱਤੇ ਢੇਰ ਕਰਤੀ
ਰੌਲਾ ਪੈ ਗਿਆ
ਪੈ ਗਿਆ ਜਹਾਨ ਵਿੱਚ ਸਾਰੇ ਸੋਧ ਦਿੱਤੀ ਰਾਣੀ ਹਿੰਦ ਦੀ
ਲੈ ਲਿਆ ਬਦਲਾ
ਬਦਲਾ ਬਈ ਤਖ਼ਤ ਅਕਾਲ ਦਾ ਬੇਅੰਤ ਸਤਵੰਤ ਸ਼ੇਰਾਂ ਨੇ
ਹੀਰਿਉ, ਹੀਰਿਉ
ਕੁਰਬਾਨੀ ਮਰਦਾਂ ਦਲੇਰਾਂ ਦੀ
ਭੁੱਲਿਉ ਨਾ ਕਦੇ ਵੀਰਿਉ

ਛੱਲਾ

ਛੱਲਾ ਦਿੱਲੀਓਂ ਆਇਆ.....ਓ
ਛੱਲਾ ਦਿੱਲੀਓਂ ਆਇਆ
ਟਾਇਰ ਗਲ਼ 'ਚ ਪੁਆਇਆ
ਸਾਰਾ ਟੱਬਰ ਮਰਵਾਇਆ
ਗੱਲ ਸੁਣ ਛੱਲਿਆ, ਫਸਲਾਂ
ਉਏ ਹੱਥ A.K. ਰਫ਼ਲਾਂ

ਛੱਲਾ ਅੱਖਾਂ ਵਿੱਚ ਰੜਕੇ.....ਓ
ਛੱਲਾ ਅੱਖਾਂ ਵਿੱਚ ਰੜਕੇ
ਆਉਂਦਾ ਕਾਲਜੋਂ ਪੜ੍ਹਕੇ
ਵੇਖਣ ਪੁਲਸੀਏ ਖੜ੍ਹਕੇ
ਗੱਲ ਸੁਣ ਛੱਲਿਆ, ਤਣਿਆ
ਛੱਲਾ ਖਾੜਕੂ ਬਣਿਆ

ਛੱਲਾ ਖੇਤੋਂ ਫੜਿਆ.....ਓ
ਛੱਲਾ ਖੇਤੋਂ ਫੜਿਆ
ਧੱਕੇ ਬੁੱਚੜਾਂ ਦੇ ਚੜ੍ਹਿਆ
ਬੱਸ ਖ਼ਬਰਾਂ 'ਚ ਲੜਿਆ
ਗੱਲ ਸੁਣ ਛੱਲਿਆ, ਜਣਿਆ
ਮੁਕਾਬਲਾ ਨਹਿਰ ਤੇ ਬਣਿਆ

ਛੱਲਾ ਟੰਗਿਆ ਈ ਥਾਣੇ.....ਓ
ਛੱਲਾ ਟੰਗਿਆ ਈ ਥਾਣੇ
ਕੈਸੇ ਰੱਬ ਦੇ ਭਾਣੇ
ਕੀ ਬਣੂ ਅੱਲਾ ਈ ਜਾਣੇ
ਗੱਲ ਸੁਣ ਛੱਲਿਆ, ਲੀਕਾਂ
ਉਏ ਮਾਂ ਕਰਦੀ ਉਡੀਕਾਂ

ਛੱਲਾ ਕੰਨ ਦੀਆਂ ਡੰਡੀਆਂ.....ਓ
ਛੱਲਾ ਕੰਨ ਦੀਆਂ ਡੰਡੀਆਂ
ਸਾਰੇ ਜੱਗ ਵਿਚ ਭੰਡੀਆਂ
ਗੱਲਾਂ ਛੱਜ ਪਾ ਛੰਡੀਆਂ
ਗੱਲ ਸੁਣ ਛੱਲਿਆ, ਮਣਕੇ
ਰਹਿ ਗਏ ਅੱਤਵਾਦੀ ਬਣਕੇ

ਛੱਲਾ ਪਾਇਆ ਈ ਗਹਿਣੇ.....ਓ
ਛੱਲਾ ਪਾਇਆ ਈ ਗਹਿਣੇ
ਸੱਚ ਸਿੰਘਾਂ ਦੇ ਕਹਿਣੇ
ਬਦਲੇ ਗਿਣ-ਗਿਣ ਲੈਣੇ
ਗੱਲ ਸੁਣ ਛੱਲਿਆ, ਢੋਲਾ
ਉਏ ਕਾਨੂੰਨ ਅੰਨ੍ਹਾ ਬੋਲਾ

ਛੱਲਾ ਪਾਉਂਦਾ ਵੋਟਾਂ.....ਓ
ਛੱਲਾ ਪਾਉਂਦਾ ਵੋਟਾਂ
ਲੀਡਰ ਮਾਰਦੇ ਚੋਟਾਂ
ਲਾਉਂਦੇ ਟਾਂਡਾ ਤੇ ਪੋਟਾ
ਉਏ ਗੱਲ ਸੁਣ ਛੱਲਿਆ, ਬੁੱਲ੍ਹਿਆ
ਛੱਲਾ ਜੇਲੀਂ ਰੁਲਿਆ

ਛੱਲਾ ਦੁੱਖ ਨਹੀਓਂ ਦੱਸਦਾ.....ਓ
ਛੱਲਾ ਦੁੱਖ ਨਹੀਓਂ ਦੱਸਦਾ
ਰਹਿੰਦਾ ਉੱਤੋਂ-ਉੱਤੋਂ ਹੱਸਦਾ
ਰਿਹਾ ਰੋਗ ਨਾ ਵੱਸਦਾ
ਗੱਲ ਸੁਣ ਛੱਲਿਆ, ਮਾਇਆ
ਉਏ ਛੱਲਾ ਮੁੜਕੇ ਨਾ ਆਇਆ

ਸਦੀਓਂ ਸੇ ਹੈ ਦੁਸ਼ਮਣ ਜ਼ਮਾਨਾ ਹਮਾਰਾ

ਬੜੇ ਸ਼ੌਕ ਸੇ ਸੁਨ ਰਹਾ ਥਾ ਯੇ ਸਾਰਾ ਜ਼ਮਾਨਾ
ਕੰਬਖ਼ਤ ਹਮ ਹੀ ਸੋ ਗਏ ਦਾਸਤਾਂ ਕਹਤੇ-ਕਹਤੇ
ਨਾ ਰੋਕਾ ਹੀ ਤੂਨੇ ਨਾ ਆਵਾਜ਼ ਹੀ ਦੀ
ਬੜਤੀ ਚਲੀ ਦੂਰੀਆਂ ਸਾਥ ਰਹਤੇ-ਰਹਤੇ
ਇਤਨੀ ਦੂਰ ਚਲੇ ਗਏ ਕਿ ਮੁਸ਼ਕਿਲ ਥਾ ਆਨਾ
ਦਰਦ-ਏ-ਦਰਿਆ ਮੇਂ ਹਮ ਬਹਤੇ-ਬਹਤੇ
ਮਾਲਾ ਪਕੜੇ ਹਾਥੋਂ ਨੇ ਥਾਮ ਲੀ ਬੰਦੂਕੇਂ
ਇੰਤਹਾ ਹੋ ਗਈ ਆਖ਼ਿਰ ਜ਼ੁਲਮ ਕੋ ਸਹਤੇ-ਸਹਤੇ
ਏਕ ਸੰਤ ਸੂਰਬੀਰ ਦੂਸਰਾ ਬਨ ਗਯਾ ਗੱਦਾਰ
ਖ਼ੁਦਾ ਕੇ ਦੋ ਬੰਦੇ ਥੇ ਸਾਥ-ਸਾਥ ਰਹਤੇ
ਗ਼ੁਲਾਮੀ ਕੀ ਏਕ ਜੰਜ਼ੀਰ ਔਰ ਗਲੇ ਪੜ੍ਹ ਗਈ
ਕੰਬਖ਼ਤ ਹਿੰਦੁਸਤਾਂ ਅਜ਼ਾਦ ਹੂਆ ਜਬ ਸੇ
ਸਿਖੋਂ ਨੇ ਜਬ ਕਬ ਵੀ ਹਕ ਅਪਨੇ ਮਾਂਗੇ
ਦਿੱਲੀ ਕੇ ਦਿਲ ਸੇ ਦੂਰੀਆਂ ਬੜਨੇ ਲਗੀ ਤਬ ਸੇ
ਕਭੀ ਮੰਨੂੰ, ਅਬਦਾਲੀ, ਕਬੀ ਡਾਇਰ, ਵੈਦਯਾ, ਇੰਦਰਾ,
21 ਕੀ 31 ਪਾਈ ਹੈ ਹਮਨੇ ਸਭਸੇ
ਸਿੱਖੋਂ ਕੇ ਕਾਤਲੋਂ ਕੋ ਲੜਨੇ ਕੀ ਤਾਕਤ ਦੇਣਾ
ਦਿਲ ਸੇ ਦੁਆ ਹੈ ਮੇਰੀ ਆਜ਼ ਮੇਰੇ ਰੱਬ ਸੇ
ਗਿਲਾ ਪਹਲੇ ਵੀ ਨਹੀਂ ਥਾ ਔਰ ਅਬ ਵੀ ਨਹੀਂ ਹੈ
ਸਦੀਓਂ ਸੇ ਹੈ ਦੁਸ਼ਮਣ ਜ਼ਮਾਨਾ ਹਮਾਰਾ
ਅਬਦਾਲੀ ਹੋ ਜਾਂ ਇੰਦਰਾ, ਦੂਨੀ ਚੰਦ ਜਾਂ ਲੌਂਗੋਵਾਲ
ਨਏ-ਨਏ ਸਖ਼ਸੋਂ ਸੇ ਹੂਆ ਸਾਮਨਾ ਹਮਾਰਾ
ਫਾਹੀਵਾਲ ਹੈਂ ਬਹੁਤੇ ਕਹਤੇ ਥੇ ਭਿੰਡਰਾਂਵਾਲੇ
ਦਸਮੇਸ਼ ਕੇ ਸਹਾਰੇ ਹੈ ਪੰਛੀ ਵਿਚਾਰਾ
ਅਣਖ ਸੇ ਹੈ ਜੀਣਾ, ਸ਼ਾਨ ਸੇ ਹੈ ਮਰਨਾ

ਅਕਾਲ ਕਾ ਯੇ ਖ਼ਾਲਸਾ ਹੈ ਜਗ ਸੇ ਨਿਆਰਾ
ਲੂੰ-ਲੂੰ ਸੇ ਵਗੀ ਥੀ ਲਹੂ ਕੀ ਜਬ ਨਦੀਆਂ
ਕੌਮ ਕ੍ਰਾ ਕਰਜ਼ ਉਤਾਰਾ ਥਾ ਸਰੋਂ ਸੇ
ਕਤਰਾ-ਕਤਰਾ ਖ਼ੂਨ ਕਾ ਵਹਾ ਦੀਆ ਹਮਨੇ
ਝੁਕੇ ਨਹੀਂ ਯੇ ਸਰ, ਜ਼ਾਲਮ ਕੇ ਡਰੋਂ ਸੇ
ਇਸ ਹਕੀਕਤ ਸੇ ਵਾਕਿਫ਼ ਕੀਆ ਥਾ ਦਸਮੇਸ਼ ਨੇ
ਬਾਜ਼ੋਂ ਕੋ ਹੋਤੀ ਦਿੱਕਤ, ਚਿੜੀਓਂ ਕੇ ਪਰੋਂ ਸੇ
ਏਕ ਹਕੀਕਤ ਸੇ ਵਾਕਿਫ਼ ਤੁਮ ਵੀ ਹੋ ਜਾਉ ਜ਼ਾਲਿਮ
ਮੁਹੱਬਤ ਹਰਿਮੰਦਰ ਸੇ ਹੈ ਜਿਤਨੀ ਨਹੀਂ ਹੈ ਘਰੋਂ ਸੇ

ਦਮਦਮੀ ਟਕਸਾਲ ਦੁਆਰਾ ਪ੍ਰਕਾਸ਼ਿਤ ਲਿਟਰੇਚਰ :

- ਸੰਤ ਗਿਆਨੀ ਗੁਰਬਚਨ ਸਿੰਘ ਜੀ ਵਾਲਾ ਵੱਡਾ ਸਟੀਕ ਜਪੁਜੀ ਸਾਹਿਬ, ਰਹਰਾਸਿ ਸਾਹਿਬ ਕੀਰਤਨ ਸੋਹਿਲਾ ਸਟੀਕ।
- ਗੁਰਬਾਣੀ ਪਾਠ ਦਰਪਣ, ਜਿਸ ਤੋਂ ਪਾਠ ਉਚਾਰਣ ਦੀ ਸੁਧਾਈ ਕੀਤੀ ਜਾਂਦੀ ਹੈ।
- ਨਿਤਨੇਮ—ਸੱਤ ਬਾਣੀਆਂ।
- ਖ਼ਾਲਸਾ ਜੀਵਨ—ਸੰਤ ਗਿਆਨੀ ਗੁਰਬਚਨ ਸਿੰਘ ਜੀ ਦਾ ਜੀਵਨ ਅਤੇ ਰਹਿਤ ਮਰਯਾਦਾ।
- ਗੁਟਕੇ ਸਾਹਿਬ—ਨਿਤਨੇਮ, ਸੁਖਮਨੀ ਸਾਹਿਬ।
- ਨਵੇਂ ਸਾਲ ਦੀ ਟਕਸਾਲੀ ਇਤਿਹਾਸਕ ਡਾਇਰੀ।
- ਬਾਲ ਉਪਦੇਸ਼—ਗੁਰਮੁਖੀ ਲਿਪੀ।
- ਗੁਰਮਤਿ ਰਹਿਤ ਮਰਯਾਦਾ।
- ਸਿੰਘ ਗਰਜ। (ਨਰੈਣ ਸਿੰਘ)
- ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀਆਂ ਧਰਮ ਯੁੱਧ ਮੋਰਚੇ ਦੀਆਂ ਕੈਸਟਾਂ—ਆਡੀਓ ਅਤੇ ਵੀਡੀਓ।
- ਟਕਸਾਲੀ ਤੇਗੇ, ਕਿਰਪਾਨਾਂ (ਹਰ ਸਾਈਜ਼ ਵਿਚ)।
- ਯੋਧਿਆਂ ਦੀਆਂ ਵਾਰਾਂ ਅਤੇ ਕੌਮੀ ਕਵਿਤਾਵਾਂ—ਆਡੀਓ ਕੈਸਟਾਂ।
- ਕੰਘੇ, ਕ੍ਰਿਪਾਨਾਂ, ਕੜੇ (ਸਰਬ ਲੋਹ), ਕਛਹਿਰੇ।
- ਕੀਰਤਨ ਦੀਆਂ ਕੈਸਟਾਂ ਅਤੇ ਧਾਰਮਿਕ ਗ੍ਰੰਥ।
- ਭਾਈ ਜਿੰਦਾ, ਭਾਈ ਸੁੱਖਾ ਦੀਆਂ ਜੇਲ੍ਹ ਚਿੱਠੀਆਂ।
- ਹੱਡੀਂ ਹੰਢਾਇਆ ਇਕ ਖ਼ੂਨੀ ਦਹਾਕਾ (ਬਲਜੀਤ ਸਿੰਘ ਖ਼ਾਲਸਾ)।
- ਤਬੈਰੋਸ ਜਾਗਿਓ (ਆਰ.ਐੱਸ.ਐੱਸ. ਨੂੰ ਚੈਲਿੰਜ)। (ਸੁਖਪ੍ਰੀਤ ਸਿੰਘ 'ਉਦੋਕੇ')
- ਜੁਝਾਰੂ ਯੋਧੇ (ਮਨਿੰਦਰ ਸਿੰਘ ਬਾਜਾ)
- ਸੰਤਾਪ (ਸ਼ਮਸ਼ੇਰ ਸਿੰਘ ਡੂੰਮੇਵਾਲ)
- ਸਾਚੀ ਸਾਖੀ (ਸਿਰਦਾਰ ਕਪੂਰ ਸਿੰਘ)

- ਸਿੰਘ ਸੂਰਮੇ। (ਇੰਦਰਜੀਤ ਸਿੰਘ ਗੋਗੋਆਣੀ)
- ਸੱਚ ਆਖਾਂ ਦਾ ਭਾਂਬੜ ਮੱਚਦਾ ਏ (ਇੰਦਰਜੀਤ ਸਿੰਘ ਗੋਗੋਆਣੀ)
- ਲਕੀਰ (ਗਜਿੰਦਰ ਸਿੰਘ ਹਾਈਜੈਕਰ, ਦਲ ਖ਼ਾਲਸਾ)
- ਖ਼ਾਲਿਸਤਾਨੀ ਸੋਚ ਤੇ ਹਿੰਦੂ ਨੀਤੀ (ਗੁਰਦਿਆਲ ਸਿੰਘ)
- ਸਭ ਦੁਸ਼ਟ ਝਖ ਮਾਰਾ
- ਗੜਗੱਜ ਅਕਾਲੀ ਗੱਜਿਆ (ਇੰਦਰਜੀਤ ਸਿੰਘ ਗੋਗੋਆਣੀ)
- ਜੰਗਨਾਮਾ ਸਿੰਘਾਂ ਤੇ ਬਿਪਰਾਂ (ਸੁਖਦੀਪ ਸਿੰਘ ਬਰਨਾਲਾ) ਸਾਡੇ ਕੋਲੋਂ ਪ੍ਰਾਪਤ ਕਰੋ।
- ਬਾਗੀ ਕਵਿਤਾਵਾਂ (ਸੁਖਦੀਪ ਸਿੰਘ ਬਰਨਾਲਾ)
- ਧਰਮ-ਯੁੱਧ ਮੋਰਚਾ (ਸੁਖਦੀਪ ਸਿੰਘ ਬਰਨਾਲਾ)
- ਸੁਰਿੰਦਰ ਸਿੰਘ ਸੋਢੀ ਜੀਵਨੀ (ਮਨਿੰਦਰ ਸਿੰਘ ਬਾਜਾ)
- ਜਾਗਣ ਦਾ ਵੇਲਾ (ਇੰਦਰਜੀਤ ਸਿੰਘ ਗੋਗੋਆਣੀ)
- ਜਨਰਲ ਲਾਭ ਸਿੰਘ (ਸੁਖਦੇਵ ਸਿੰਘ ਭੁੱਲੜ)
- ਸ਼ੇਰਦਿਲ ਸੁਰਿੰਦਰ ਸਿੰਘ ਸੋਢੀ (ਮਨਿੰਦਰ ਸਿੰਘ ਬਾਜਾ)

ਸੱਪਣੀ ਨਜ਼ਰ

ਕਿੰਨੀ ਦੂਰ ਤਖ਼ਤ ਤੇਰਾ ਸਮੇਂ ਦਿਆ ਹਾਕਮਾਂ ਵੇ
ਉਮਰ ਫ਼ਰਿਆਦੀਆਂ ਦੀ ਰਾਹਾਂ ਵਿੱਚ ਲੰਘ ਗਈ
ਸੱਪਨੀ ਨਜ਼ਰ ਤੇਰੇ ਸ਼ਹਿਰ ਦੇ ਬਸ਼ਿੰਦਿਆਂ ਦੀ
ਹਾਏ ! ਸਾਡੇ ਚਿਹਰੇ ਦਿਆਂ ਹਾਸਿਆਂ ਨੂੰ ਡੰਗ ਗਈ

ਵੇਖੇ ਸੀ ਜੋ ਅਸੀਂ ਉਹ ਕੌਮੀ ਅਰਮਾਨ ਸਾਰੇ
ਭੱਖਦੀ "ਚੁਰਾਸੀ" ਵਿੱਚ ਸ਼ੀਸ਼ੇ ਵਾਂਗ ਟੁੱਟ ਗਏ
"ਦਿਲ ਵਾਲੀ" ਦਿੱਲੀ ਵਿੱਚ ਆਬਰੂ ਦਫ਼ਨ ਹੋਈ
ਘਰ, ਕਾਰੋਬਾਰ "ਦੇਸ਼ ਭਗਤਾਂ" ਨੇ ਲੁੱਟ ਲਏ

ਭੱਜੇ ਸੀ ਪੰਜਾਬ ਮੂਹਰੇ ਬੈਠੇ ਸੀ ਸ਼ਿਕਾਰੀ ਇਥੇ
ਖ਼ੂਨ ਸਾਡਾ ਪੀਣ ਲਈ ਬੜੇ ਹੀ ਉਤਾਵਲੇ ਵੇ
ਪੁੱਛ ਨਾ ਤੂੰ ਫੇਰ ਕੀ-ਕੀ ਹੱਡਾਂ ਤੇ ਹੰਢਾਈ ਅਸੀਂ
ਕਿੰਨਾਂ ਚਿਰ ਹੁੰਦੇ ਰਹੇ ਝੂਠੇ ਜੋ ਮੁਕਾਬਲੇ ਵੇ

ਦਸ ਸਾਲ ਇਥੇ ਫੇਰ ਹੋਣੀ ਨੇ ਜੋ ਨਾਚ ਕੀਤਾ
ਪੁੱਛ ਨਾਂ ਤੂੰ ਸਾਡਿਆਂ ਭਰਾਵਾਂ ਤੇ ਕੀ ਗੁਜ਼ਰੀ
ਮਰੇ ਹੋਏ ਪੁੱਤਾਂ ਦੀਆਂ ਲਾਸ਼ਾਂ ਨਾ ਨਸੀਬ ਹੋਈਆਂ
ਪੁੱਛ ਨਾ ਤੂੰ ਫੇਰ ਉਹਨਾਂ ਮਾਵਾਂ ਤੇ ਕੀ ਗੁਜ਼ਰੀ

ਅਣਖੀ ਸੁਭਾਅ ਤੇ ਜਾਗਦੀ ਜ਼ਮੀਰ ਵਾਲਾ
ਹਰ ਇਨਸਾਨ ਨਦੀ ਨਾਲਿਆਂ 'ਚ ਰੁੜਿਆ
ਬਣਕੇ ਹਿਤੈਸ਼ੀ ਜਿਹੜਾ ਆਇਆ ਸੀ "ਵਕੀਲ" ਸਾਡਾ
ਗਿਆ ਲੱਭਣ ਲਾਵਾਰਿਸਾਂ ਨੂੰ ਉਹ ਵੀ ਨਹੀਓਂ ਮੁੜਿਆ

ਜ਼ੁਲਮੀ ਹਨੇਰੀ ਝੁੱਲੀ ਕੌਮ ਤੇ ਜੋ ਕਹਿਰ ਬਣ
ਤਖ਼ਤਾਂ ਦਿਆਂ ਵਾਰਸਾਂ ਦਾ ਤੋੜ ਅੰਗ-ਅੰਗ ਗਈ
ਵੇਖ ਕੇ ਜ਼ੁਲਮ ਤੇਰੇ ਸ਼ਹਿਰ ਦੇ ਕਰਿੰਦਿਆਂ ਦੇ
ਜਿਹੜੀ ਆਈ ਸੀ ਵਿਆਹੁਣ ਲਾੜੀ ਮੌਤ ਵੀ ਉਹ ਸੰਗ ਗਈ

ਕਿੰਨੀ ਦੂਰ ਤਖ਼ਤ ਤੇਰਾ ਸਮੇਂ ਦਿਆ ਹਾਕਮਾਂ ਵੇ
ਉਮਰ ਫ਼ਰਿਆਦੀਆਂ ਦੀ ਰਾਹਾਂ ਵਿੱਚ ਲੰਘ ਗਈ
ਸੱਪਨੀ ਨਜ਼ਰ ਤੇਰੇ ਸ਼ਹਿਰ ਦੇ ਬਸ਼ਿੰਦਿਆਂ ਦੀ
ਹਾਏ ! ਸਾਡੇ ਚਿਹਰੇ ਦਿਆਂ ਹਾਸਿਆਂ ਨੂੰ ਡੰਗ ਗਈ

THE SERPENT'S GAZE

How distant is your throne, "O" monarch of the era
Life of the appeallants has passed by in transit
The serpent gaze of your city dwellers
uff it has spite the joys off our faces with its venomous bite

The aspirations for the nation that we held
were shattered like glass in the inferno of eighty-four
Aspirations of the Heart were decimated in Delhi
Homes and businesses were looted by the Patriots

Fleeing to Punjab, faced the hunters in waiting
Eagerly awaiting to drink our Blood
Ask not what else these bones had to endure
How long false encounters continued to take place

For ten year that fate performed its dance
Ask not of what our brothers had to endure
Corpses of our sons were never to be recovered
Ask not what those mothers then had to endure

Self-respecting demeanors and those with elevated consciences
all were washed away in the gutters and canals
As a benefactor came one to legally represent us
went away to find the orphans but failed to return back

The storm of brutality waved over our nation like calamity
broke limb by limb of the descendants of the thrones
Witnessing the calamity of the servants of your city
The virgin bride that come to marry, death turned bashful

How distant is your throne, "O" monarch of the era
Life of the appeallants has passed by in transit
The serpents gaze of your city dwellers
uff it has spite the joys off our faces with its venomous bite

ਸੁਖਦੀਪ ਸਿੰਘ ਬਰਨਾਲਾ

TRANSLATED BY
SIKH ACTIVIST ORGANIZATION, TORANTO CANADA

ਪ੍ਰਕਾਸ਼ਕ
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
154 ਸਕੂਟਰ ਸਟੈਂਡ ਦੇ ਉਪਰ, ਘੰਟਾ ਘਰ ਮਾਰਕੀਟ, ਸ੍ਰੀ ਅੰਮ੍ਰਿਤਸਰ।
Ph: 0183-5101231, Mob.: 98726 58302, 98151 61234